# ਅਧਿਆਇ 1
# ਵਾਪਸ ਜਾ ਕੇ ਮੁੜ ਤੋਂ ਉਸਾਰੀ ਕਰਨ ਦਾ ਕੋਰਸ ਦਾ ਹੁਕਮ

ਇਕ ਪੁਰਾਣੇ ਭਜਨ ਦੇ ਬੋਲ ਇਸ ਤਰ੍ਹਾਂ ਹਨ, ''ਖ਼ੁਦਾ ਭੇਤ ਭਰੇ ਢੰਗ ਨਾਲ ਚੱਲਦਾ ਹੈ, ਆਪਣੇ ਅਜੂਬੇ ਕਰਨ ਲਈ।''[1] ਅਜ਼ਰਾ 1 ਨਾਲੋਂ ਵਧੀਆ ਤਰੀਕੇ ਨਾਲ ਹੋਰ ਕਿਤੇ ਵੀ ਖ਼ੁਦਾ ਵੱਲੋਂ ਮੁਹੱਈਆ ਕਰਵਾਏ ਜਾਣ ਨੂੰ ਬਿਆਨਿਆ ਨਹੀਂ ਗਿਆ ਹੈ। ਅਜ਼ਰਾ ਦੀ ਕਿਤਾਬ ਯਹੂਦੀਆਂ ਦੇ ਆਪਣੇ ਵਤਨ ਵਿਚ ਵਾਪਸ ਜਾਣ, ਉੱਥੇ ਪਹੁੰਚ ਕੇ ਹੈਕਲ ਨੂੰ ਫੇਰ ਤੋਂ ਬਣਾਉਣ ਅਤੇ ਆਪਣੇ ਧਰਮ ਦੇ ਸੁਧਾਰ ਦੇ ਬਾਰੇ ਵਿਚ ਹੈ। ਇਹ ਘਟਨਾਵਾਂ ਕਿਵੇਂ ਵਾਪਰੀਆਂ? ਅਜ਼ਰਾ 1 ਦੇ ਮੁਤਾਬਕ ਇਨ੍ਹਾਂ ਦਾ ਅਰੰਭ ਇਕ ਗੈਰਕੌਮ ਹਾਕਮ ਮਾਦਾ ਫ਼ਾਰਸ ਦੇ ਬਾਦਸ਼ਾਹ, ਕੋਰਸ ਦੇ ਹੁਕਮ ਨਾਲ ਹੋਇਆ। ਖ਼ੁਦਾ ਨੇ ਆਪਣੇ ਚੁਣੇ ਹੋਏ ਲੋਕਾਂ ਲਈ ਆਪਣੇ ਮਕਸਦਾਂ ਨੂੰ ਇਕ ਬੁੱਤਪ੍ਰਸਤ ਰਾਜੇ ਦੇ ਰਾਹੀਂ ਪੂਰਿਆਂ ਕੀਤਾ।

ਇਸਰਾਏਲ ਦੀ ਬੇਦਾਰੀ ਦੀ ਕਹਾਣੀ ਪਹਿਲੇ ਅਧਿਆਇ ਵਿਚ ਅਜ਼ਰਾ ਦੇ ਆਪ ਯਰੂਸ਼ਲਮ ਨੂੰ ਜਾਣ ਤੋਂ ਅੱਸੀ ਕੁ ਸਾਲਾਂ ਪਹਿਲਾਂ ਸ਼ੁਰੂ ਹੁੰਦੀ ਹੈ। ਇਸ ਵਿਚ ਇਕ ਐਲਾਨ ਹੈ ਜਿਸ ਨਾਲ ਅਸੀਰਾਂ ਨੂੰ ਆਪਣੇ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਅਤੇ ਇਹ ਕਿ ਕਿਵੇਂ ਕੋਰਸ ਮਹਾਨ ਨੇ ਉਨ੍ਹਾਂ ਨੂੰ ਨਬੂੱਕਦਨਜ਼ਰ ਵੱਲੋਂ ਚੁਰਾਏ ਹੈਕਲ ਦੇ ਬਚੇ ਹੋਏ ਖ਼ਜ਼ਾਨੇ ਮੋੜ ਦਿੱਤੇ ਸਨ।

## ਜਲਾਵਤਨੀ ਵਿਚ ਯਹੂਦੀਆਂ ਨੂੰ ਕੋਰਸ ਦਾ ਐਲਾਨ (1:1-4)

**1ਫ਼ਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰਹੇ ਵਿੱਚ ਯਹੋਵਾਹ ਨੇ ਫ਼ਾਰਸ ਦੇ ਪਾਤਸ਼ਾਹ ਕੋਰਸ
ਦਾ ਮਨ ਪਰੇਰਿਆ ਭਈ ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਬਚਨ ਪੂਰਾ ਹੋਵੇ ਅਤੇ ਉਹ
ਨੇ ਆਪਣੇ ਸਾਰੇ ਰਾਜ ਵਿੱਚ ਇਹ ਡੌਂਡੀ ਪਿਟਵਾਈ ਤੇ ਲਿਖਤ ਵਿੱਚ ਵੀ ਦੇ ਦਿੱਤਾ ਭਈ
2ਫ਼ਾਰਸ ਦਾ ਪਾਤਸ਼ਾਹ ਕੋਰਸ ਇਉਂ ਫਰਮਾਉਂਦਾ ਹੈ ਕਿ ਅਕਾਸ਼ਾਂ ਦੇ ਪਰਮੇਸ਼ੁਰ ਯਹੋਵਾਹ ਨੇ ਧਰਤੀ ਦੇ ਸਰਬੱਤ ਰਾਜ
ਮੈਨੂੰ ਦੇ ਦਿੱਤੇ ਹਨ ਅਤੇ ਉਸ ਨੇ ਆਪੇ ਮੈਨੂੰ ਹਦੈਤ ਦਿੱਤੀ ਹੈ ਕਿ ਯਰੂਸ਼ਲਮ ਵਿੱਚ ਜੋ ਯਹੂਦਾਹ ਵਿੱਚ
ਹੈ ਉਹ ਦੇ ਲਈ ਇੱਕ ਭਵਨ ਬਣਾਵਾਂ
3ਉਹ ਦੀ ਸਾਰੀ ਪਰਜਾ ਵਿੱਚੋਂ ਤੁਹਾਡੇ ਵਿੱਚ ਕੌਣ ਤਿਆਰ ਹੈ?
ਉਹ ਦਾ ਪਰਮੇਸ਼ੁਰ ਉਹ ਦੇ ਅੰਗ ਸੰਗ ਹੋਵੇ ! ਉਹ ਯਹੂਦਾਹ ਦੇ ਯਰੂਸ਼ਲਮ ਨੂੰ ਜਾਵੇ ਤੇ ਇਸਰਾਏਲ
ਦੇ ਪਰਮੇਸ਼ੁਰ ਯਹੋਵਾਹ ਦਾ ਭਵਨ ਬਣਾਵੇ ਜੋ ਯਰੂਸ਼ਲਮ ਵਿੱਚ ਹੈ (ਓਹੋ ਪਰਮੇਸ਼ੁਰ ਹੈ)
4ਅਤੇ ਜੋ ਕੋਈ ਕਿਤੇ ਰਹਿ ਗਿਆ ਹੋਵੇ ਜਿੱਥੇ ਉਹ ਦੀ ਵੱਸੋਂ ਹੋਵੇ ਤਾਂ ਉਸ ਥਾਂ ਦੇ ਲੋਕ ਚਾਂਦੀ ਸੋਨੇ ਤੇ ਮਾਲ ਤੇ ਪਸੂ
ਦੇ ਕੇ ਉਹ ਦੀ ਸਹਾਇਤਾ ਕਰਨ ਤੇ ਨਾਲੇ ਓਹ ਪਰਮੇਸ਼ੁਰ ਦੇ ਭਵਨ ਲਈ ਜੋ ਯਰੂਸ਼ਲਮ ਵਿੱਚ ਹੈ
ਆਪਣੀ ਖੁਸ਼ੀ ਦੀ ਭੇਟ ਨਾਲ ਦੇਣ।**

ਕਿਤਾਬ ਦੇ ਅਰੰਭ ਵਿਚ ਉਹ ਸੰਦੇਸ਼ ਮਿਲਦਾ ਹੈ ਜਿਸ ਨਾਲ ਖ਼ੁਦਾ ਦੇ ਲੋਕਾਂ ਨੂੰ ਦਾਸਤਾ ਤੋਂ ਛੁਟ ਕੇ ਉਨ੍ਹਾਂ ਨੂੰ ਆਪਣੇ ਪੁਰਖਿਆਂ ਦੇ ਦੇਸ਼ ਵਿਚ ਜਾਣ ਦੀ ਇਜਾਜ਼ਤ ਮਿਲ ਗਈ (ਵੇਖੋ 2 ਇਤਹਾਸ

36:22, 23)।

**ਆਇਤ 1. ਫ਼ਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰਹੇ** 539 ਈ.ਪੂ. ਦੇ ਸਾਲ ਦੇ ਵਿਚ ਵਿਚ ਹੋਇਆ ਹੋਵੇਗਾ ਜਦ ਬਾਬਲ ਉੱਤੇ ਫ਼ਾਰਸ ਦੀ ਫ਼ਤਹਿ ਹੋਈ ਅਤੇ ਕੋਰਸ ਦੂਜਾ ਯਹੂਦੀਆਂ ਉੱਤੇ ਹਕੂਮਤ ਕਰਨ ਲੱਗਾ। ਹੁਕਮ ਅਧਿਕਾਰਤ ਤੌਰ ਤੇ ਇਸ ਤੱਥ ਦਾ ਸੰਕੇਤ ਦਿੰਦਾ ਹੈ ਕਿ ਇਸ ਦਾ ਐਲਾਨ ਕੀਤਾ ਗਿਆ (ਸ਼ਾਇਦ ਮੁਨਾਦੀ ਕਰਨ ਵਾਲਿਆਂ ਵੱਲੋਂ ਪੂਰੇ **ਰਾਜ** ਵਿਚ ਹੋਕਾ ਦੇ ਕੇ) ਅਤੇ ਲਿਖਿਆ ਵੀ ਜਾਣਾ ਸੀ (ਆਮ ਲੋਕਾਂ ਵੱਲੋਂ ਪੜ੍ਹੇ ਜਾਣ ਲਈ)। ਇਸ ਦੇ ਹੋਣ ਵਾਲੇ ਅਸਰ ਨੂੰ ਧਿਆਨ ਵਿਚ ਰੱਖਦਿਆਂ ਇਹ ਜ਼ਰੂਰੀ ਹੁੰਦਾ ਸੀ ਕਿ ਉਸ ਐਲਾਨ ਨੂੰ ਦਰਜ ਕੀਤਾ ਜਾਵੇ ਅਤੇ ਫ਼ਾਰਸੀ ਪੁਰਾਲੇਖਾਂ ਵਿਚ ਰੱਖਿਆ ਜਾਵੇ ਜਿੱਥੋਂ ਬਾਅਦ ਵਿਚ ਮਿਲ ਸਕੇ (ਵੇਖੋ 6:1–5)।

ਕੋਰਸ ਦਾ ਐਲਾਨ ਇਸ ਕਰਕੇ ਹੋਇਆ ਕਿ **ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਬਚਨ ਪੂਰਾ** ਹੋਵੇ। ਬਾਦਸ਼ਾਹ ਦੇ ਹੁਕਮ ਨਾਲ ਨਬੂਵਤ ਪੂਰੀ ਹੋਈ ਕਿਉਂ ਜੋ ਯਿਰਮਿਯਾਹ ਨੇ ਆਖਿਆ ਸੀ ਕਿ ਖ਼ੁਦਾ ਦੇ ਲੋਕ ''ਸੱਤਰ ਵਰ੍ਹਿਆਂ'' ਤਕ ਦਾਸਤਾ ਵਿਚ ਰਹਿਣ ਤੋਂ ਮਗਰੋਂ ਆਪਣੇ ਦੇਸ਼ ਵਿਚ ਪਰਤ ਜਾਣਗੇ (ਯਿਰਮਿਯਾਹ 25:11; 29:4–10)। ਇਹ ਸੱਤਰ ਵਰ੍ਹੇ ਜਾਂ ਤਾਂ ਪਹਿਲੀ ਜਲਾਵਤਨੀ ਤੋਂ (ਲਗਭਗ 605 ਈ.ਪੂ.) ਪਹਿਲੀ ਵਾਪਸੀ (ਲਗਭਗ 538 ਈ.ਪੂ.[2]) ਯਾ ਹੈਕਲ ਦੀ ਬਰਬਾਦੀ (ਲਗਭਗ 586 ਈ.ਪੂ.) ਤੋਂ ਇਸ ਦੀ ਮੁੜ ਉਸਾਰੀ (ਲਗਭਗ 516 ਈ.ਪੂ.) ਤੋਂ ਲੈ ਕੇ ਪੂਰਾ ਹੋਣ ਤਕ ਮੰਨੇ ਜਾ ਸਕਦੇ ਹਨ। ਇਕ ਹੋਰ ਸੰਭਾਵਨਾ ਇਹ ਹੈ ਕਿ ''ਸੱਤਰ'' ਨੂੰ ਸਮੇਂ ਦੇ ਪੂਰੇ ਜਾਂ ਸੰਪੂਰਣ ਕਾਲ ਦਾ ਸੰਕੇਤ ਦਿੰਦੀ ਪ੍ਰਤੀਕਾਤਮਕ ਗਿਣਤੀ ਮੰਨਿਆ ਜਾਵੇ।

ਕੀਤਾ ਗਿਆ ਐਲਾਨ ਇਸ ਕਰਕੇ ਹੋਇਆ ਕਿਉਂ ਜੋ **ਯਹੋਵਾਹ ਨੇ ਕੋਰਸ ਦਾ ਮਨ ਪਰੇਰਿਆ**।[3] ਇਸ ਦਾ ਅਰਥ ਇਹ ਹੈ ਕਿ ਉਸ ਨੇ ''ਕੋਰਸ ਦੇ ਮਨ ਨੂੰ ਛੂਹਿਆ'' ਭਾਵ ਉਹ ਹਿੱਸੇ ਨੂੰ ਜਿਸ ਨੇ ਵਿਸ਼ਵਾਸ ਕਰਕੇ, ਵਿਚਾਰ ਕੀਤਾ ਅਤੇ ਫ਼ੈਸਲੇ ਲਏ। NIV ਵਿਚ ਹੈ ''ਪ੍ਰਭੂ ਨੇ [ਉਸ ਦੇ ਮਨ] ਨੂੰ ਮੋੜਿਆ,'' ਜਦ ਕਿ REB ਵਿਚ ਕਿਹਾ ਗਿਆ ਹੈ ਕਿ ਪਰਮੇਸ਼ੁਰ ਨੇ ''ਰਾਜੇ ਨੂੰ ਪ੍ਰੇਰਣਾ ਦਿੱਤੀ'' ਕੋਰਸ ਨੇ ਤਾਂ ਐਲਾਨ ਜਾਰੀ ਕੀਤਾ, ਪਰ ਲੋਕਾਂ ਦੀ ਯਰੂਸ਼ਲਮ ਵਿਚ ਵਾਪਸੀ ਦਾ ਅਸਲ ਕਾਰਣ ਖ਼ੁਦਾ ਹੀ ਸੀ।

**ਆਇਤਾਂ 2, 3.** ਯਹੂਦੀਆਂ ਨੂੰ **ਯਰੂਸ਼ਲਮ ਵਿਚ ਜੋ ਯਹੂਦਾ ਵਿਚ ਹੈ** ਘਰ ਪਰਤ ਕੇ ਆਪਣੀ ਹੈਕਲ ਮੁੜ **ਬਣਾ**ਉਣ ਦੀ ਇਜਾਜ਼ਤ ਦੇਣਾ ਹੋਰਨਾਂ ਗੁਲਾਮ ਲੋਕਾਂ ਨਾਲ ਕੀਤੇ ਜਾਣ ਵਾਲੇ ਕੋਰਸ ਦੇ ਵਿਹਾਰ ਨਾਲ ਮੇਲ ਖਾਂਦਾ ਸੀ। ਬਾਬਲ ਦੇ ਲੋਕ ਹੋਰਨਾਂ ਸਮੂਹਾਂ ਨੂੰ ਜਲਾਵਤਨ ਕਰਦੇ ਸਨ ਅਤੇ ਉਨ੍ਹਾਂ ਦੀਆਂ ਮੂਰਤਾਂ ਲੈ ਲੈਂਦੇ ਸਨ ਅਤੇ ਉਨ੍ਹ ਨੂੰ ਬਾਬਲ ਦੇ ਮੰਦਰਾਂ ਵਿਚ ਲਗਾ ਦਿੰਦੇ ਸਨ। ਕੋਰਸ ਵੱਲੋਂ ਬਾਬਲ ਦੀ ਫ਼ਤਹਿ ਤੋਂ ਬਾਅਦ ਉਸ ਨੇ ਕੀਤੇ ਹੋਏ ਦੇਸ਼ਾਂ ਵਿਚ ਸਾਬਕਾ ਬਾਸ਼ਿੰਦਿਆਂ ਨੂੰ ਆਪੋ ਆਪਣੇ ਵਤਨ ਮੁੜ ਜਾਣ ਲਈ ਦਲੇਰ ਕੀਤਾ, ਉਨ੍ਹਾਂ ਬੰਦੀਆਂ ਨੂੰ ਦੇਵਤੇ ਮੋੜ ਦਿੱਤੇ ਅਤੇ ਉਨ੍ਹਾਂ ਨੂੰ ਉਹਦੇ ਵੱਲੋਂ ਇਨ੍ਹਾਂ ਦੇਵਤਿਆਂ ਅੱਗੇ ਦੁਆ ਕਰਨ ਲਈ ਆਖਿਆ। ਇਨ੍ਹਾਂ ਕਾਰਵਾਹੀਆਂ ਦਾ ਸਬੂਤ 1879 ਵਿਚ ਬਾਬਲ ਵਿਚ ਮਿਲੇ ਕੋਰਸ ਦੇ ਸਿਲੰਡਰ ਤੋਂ ਮਿਲਦਾ ਹੈ:[4]

> ਮੈਂ ਟਿਗਰਿਸ [ਇਬ. ਹਿੱਦਕਲ; ਵੇਖੋ ਉਤਪਤ 2:14–ਅਨੁਵਾਦਕ] ਦੇ ਦੂਜੇ ਪਾਸੇ ਦੇ (ਇਨ੍ਹਾਂ) ਪਵਿੱਤਰ ਨਗਰਾਂ ਨੂੰ, ਜਿਨ੍ਹਾਂ ਦੇ ਮੰਦਰ ਕਾਫ਼ੀ ਦੇਰ ਤੋਂ ਖੰਡਹਰ ਬਣ ਚੁੱਕੇ ਸਨ, ਉਨ੍ਹਾਂ ਵਿਚ ਰੱਖੀਆਂ ਜਾਣ ਵਾਲੀਆਂ ਮੂਰਤੀਆਂ ਮੋੜ ਦਿੱਤੀਆਂ ਅਤੇ ਉਨ੍ਹਾਂ ਦੇ ਪੱਕੇ ਮੰਦਰਾਂ ਬਣਵਾ ਕੇ ਉਨ੍ਹਾਂ ਵਿਚ ਰਖਵਾ ਦਿੱਤਾ। ਮੈਂ ਉਨ੍ਹਾਂ ਦੇ ਸਾਰੇ (ਸਾਬਕਾ) ਨਿਵਾਸੀਆਂ ਨੂੰ (ਵੀ) ਇਕੱਠਿਆਂ ਕੀਤਾ ਅਤੇ (ਉਨ੍ਹਾਂ ਨੂੰ) ਉਨ੍ਹਾਂ ਦੇ ਘਰ ਮੋੜ ਦਿੱਤੇ। ਇਸ ਤੋਂ ਇਲਾਵਾ ਮੈਂ ਮਹਾਂ ਪ੍ਰਭੂ ਮਰਦੂਕ ਦੇ ਹੁਕਮ ਤੇ ਸੁਮੇਰ ਅਤੇ ਅਕਾਰਡ ਦੇ ਸਾਰੇ ਦੇਵਤਿਆਂ ਨੂੰ ਜਿਨ੍ਹਾਂ ਨੂੰ ਨਬੋਨੇਦੁਸ ਬਾਬਲ ਵਿਚ ਲੈ ਆਇਆ ਸੀ ... ਜਿਸ ਨਾਲ ਦੇਵਤਿਆਂ ਦੇ ਪ੍ਰਭੂ ਦਾ ਕ੍ਰੋਧ, ਬਿਨਾਂ ਨੁਕਸਾਨ ਕੀਤੇ, ਉਨ੍ਹਾਂ ਦੇ (ਪੁਰਾਣੇ) ਪੂਜਾ ਸਥਲਾਂ, ਅਰਥਾਤ ਉਨ੍ਹਾਂ ਥਾਂਵਾਂ ਵਿਚ ਜਿੱਥੇ ਉਹ ਖੁਸ਼ ਰਹਿਣ

> ਮੁੜ ਤੋਂ ਵਸਾਇਆ।
>
> ਮੇਰੀ ਦੁਆ ਹੈ ਕਿ ਸਾਰੇ ਦੇਵਤੇ ਜਿਨ੍ਹਾਂ ਨੂੰ ਮੈਂ ਉਨ੍ਹਾਂ ਦੇ ਪਵਿੱਤਰ ਨਗਰਾਂ ਵਿਚ ਮੁੜ ਤੋਂ ਵਸਾ ਦਿੱਤਾ ਹੈ ਮੇਰੀ ਲੰਮੀ ਉਮਰ ਲਈ ਬੇਲ ਅਤੇ ਨਬੋ ਅੱਗੇ ਰੋਜ਼ ਦੁਆ ਕਰਨ ਅਤੇ ਮੇਰੀ ਸਿਫ਼ਾਰਸ਼ ਕਰਨ।[5]

ਯਹੂਦੀਆਂ ਦਾ ਖ਼ੁਦਾ ਅਦਿੱਖ ਸੀ ਇਸ ਕਰਕੇ ਕੋਰਸ ਨੇ ਉਸ ਦੇ ਨਜ਼ਰ ਆਉਣ ਵਾਲੇ ਪ੍ਰਤੀਕਾਂ ਭਾਵ ਯਰੂਸ਼ਲਮ ਵਿਚ ਹੈਕਲ ਨਾਲ ਸਬੰਧਿਤ ਚੀਜ਼ਾਂ ਨੂੰ ਮੋੜ ਦਿੱਤਾ।

ਕੋਰਸ ਨੇ ਕਿਹਾ ਕਿ **ਯਹੋਵਾਹ ਨੇ ਧਰਤੀ ਦੇ ਸਰਬੱਤ ਰਾਜ** ਉਸ ਨੂੰ ਦਿੱਤੇ ਸਨ ਅਤੇ ਉਸ ਨੇ ਉਸ ਨੂੰ ਹਦਾਇਤ ਕੀਤੀ ਕਿ **ਯਰੂਸ਼ਲਮ** ਵਿਚ ਉਹਦੇ ਲਈ ਇਕ **ਭਵਨ ਬਣਾਵੇ।** ਉਸ ਨੇ ਖ਼ੁਦਾ ਦੇ ਨਿੱਜੀ ਨਾਂਅ (''ਯਹੋਵਾਹ, ਪਰਮੇਸ਼ੁਰ'') ਦੀ ਵਰਤੋਂ ਕੀਤੀ ਪਰ ਇਹ ਇਸ ਗੱਲ ਨੂੰ ਸਾਬਤ ਨਹੀਂ ਕਰਦਾ ਕਿ ਉਸ ਦਾ ਵਿਸ਼ਵਾਸ ਇੱਕੋ ਸੱਚੇ ਖ਼ੁਦਾ ਵਿਚ ਸੀ। ਪ੍ਰਾਚੀਨਕਾਲ ਦੇ ਹਾਕਮਾਂ ਲਈ ਕਈ ਦੇਵਤਿਆਂ ਦੀ ਮੌਜੂਦਗੀ ਅਤੇ ਸ਼ਕਤੀ ਨੂੰ ਮੰਨਣਾ ਆਮ ਗੱਲ ਸੀ। ਆਮ ਤੌਰ ਤੇ ਉਹਦੇ ਬਾਰੇ ਇਉਂ ਗੱਲ ਕਰਕੇ ਜਿਵੇਂ ਇਕੱਲਾ ਉਹੀ ਰੱਬ ਹੋਵੇ, ਉਹ ਮੌਕੇ ਦੇ ਦੇਵਤੇ ਦਾ ਸਨਮਾਨ ਕਰਦੇ ਸਨ। ਉਨ੍ਹਾਂ ਦਾ ਤਰੀਕਾ ਉਸ ਵਿਅਕਤੀ ਵਰਗਾ ਹੁੰਦਾ ਹੋਵੇਗਾ ਹੈ ਜਿਹੜਾ ਆਪਣੇ ਦੇਸ਼ ਤੋਂ ਪਰਦੇਸ਼ ਵਿਚ ਗਿਆ ਹੋਵੇ। ਜਿਸ ਦੇਸ਼ ਵਿਚ ਉਹ ਗਿਆ, ਯਕੀਨਨ ਹੀ ਉਹ ਇਹ ਕਹੇ ਬਿਨਾਂ ਕਿ ਉਸ ਦੀ ਵਫ਼ਾਦਾਰੀ ਕਿਸੇ ਹੋਰ ਰਾਜੇ ਨਾਲ ਹੈ, ਉਸ ਹਾਕਮ ਨੂੰ, ''ਰਾਜਾ'' ਹੀ ਆਖੇਗਾ। ਇਸ ਲਈ ਕੋਰਸ ਨੇ ਭਾਵੇਂ ਯਹੋਵਾਹ ਨੂੰ ਆਪਣੀਆਂ ਕਾਮਯਾਬੀਆਂ ਦਾ ਕਾਰਣ ਦੱਸਿਆ ਪਰ ਬਹੁਦੇਵਵਾਦੀ ਹੋਣ ਕਰਕੇ ਉਸ ਨੇ ਉਨ੍ਹਾਂ ਹੀ ਪ੍ਰਾਪਤੀਆਂ ਲਈ ਹੋਰਨਾਂ ਦੇਵਤਿਆਂ ਨੂੰ ਵੀ ਇਸ ਦਾ ਸਿਹਰਾ ਦਿੱਤਾ ਹੋਵੇਗਾ। ਬਾਬਲ ਉੱਤੇ ਓਸ ਦੀ ਜਿੱਤ ਤੋਂ ਬਾਅਦ ਕੋਰਸ ਨੇ ਹੋਰਨਾਂ ਦੇਵਤਿਆਂ ਲਈ ਆਪਣੀ ਭਗਤੀ ਨੂੰ ਵਿਖਾਇਆ। ਉਸ ਨੇ ਬਾਬਲ ਦੇ ਪ੍ਰਮੁੱਖ ਦੇਵਤੇ ਮਰਦੁਕ ਨੂੰ ਆਪਣਾ ਨਿੱਜੀ ਰੱਖਿਅਕ ਮੰਨਿਆ ਭਾਵੇਂ ਉਹ ਆਪ ਫ਼ਾਰਸੀ ਸੀ ਅਤੇ ਇਸ ਕਰਕੇ ਮੁੱਖ ਤੌਰ ਤੇ ਫ਼ਾਰਸੀ ਦੇਵਤਿਆਂ ਨੂੰ ਮੰਨਦਾ ਸੀ।

ਕੋਰਸ ਦੇ ਆਪਣੇ ਧਾਰਮਿਕ ਵਿਸ਼ਵਾਸ ਜੋ ਵੀ ਹੋਣ, ਪਰ ਉਸਨੇ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਜਿਨ੍ਹਾਂ ਤੋਂ ਖੁਦਾ ਦੇ ਬਾਰੇ ਉਸ ਦੀ ਸਮਝ ਦੀ ਘਾਟ ਦਾ ਪਤਾ ਲੱਗਾ। ਕੋਰਸ ਨੇ ''ਯਹੋਵਾਹ'' ਨੂੰ **ਅਕਾਸ਼ਾਂ ਦੇ ਪਰਮੇਸ਼ੁਰ**, **ਇਸਰਾਏਲ ਦੇ ਪਰਮੇਸ਼ੁਰ** ਅਤੇ **ਜੋ ਯਰੂਸ਼ਲਮ ਵਿੱਚ ਹੈ ਓਹੋ ਪਰਮੇਸ਼ੁਰ ਹੈ** ਆਖ ਕੇ ਵਰਣਨ ਕੀਤਾ। ''ਯਹੋਵਾਹ'' ਸਚਮੁਚ ''ਅਕਾਸ਼ਾਂ ਦਾ ਪਰਮੇਸ਼ੁਰ'' ਅਤੇ ''ਇਸਰਾਏਲ ਦਾ ਪਰਮੇਸ਼ੁਰ'' ਹੈ। ਪਰ ਕਿਸੇ ਸੱਚੇ ਵਿਸ਼ਵਾਸੀ ਨੇ ਉਸ ਨੂੰ ''ਜੋ ਯਰੂਸ਼ਲਮ ਵਿਚ ਹੈ ਉਹੋ ਪਰਮੇਸ਼ੁਰ ਹੈ'' ਨਹੀਂ ਕਹਿਣਾ ਸੀ ਕਿਉਂ ਜੋ ਉਹ ਤਾਂ ਸਰਵਵਿਆਪੀ ਹੈ। ਇਹ ਵਰਣਨ ''ਕੋਰਸ ਦੇ ਬਹੁਦੇਵ ਵਾਦ ਦੀ ਝਲਕ ਦਿੰਦਾ ਹੈ, ਜੋ ਉਸ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਇਕ ਰੱਬ ਹੈ ਜਿਹੜਾ ਯਰੂਸ਼ਲਮ ਵਿਚ ਪ੍ਰਧਾਨਗੀ ਕਰਦਾ ਹੈ ਅਤੇ ਦੂਜੇ ਦੇਵਤੇ ਦੂਜਿਆਂ ਦੇਸ਼ਾਂ ਵਿਚ।''[6]

ਬੇਸ਼ੱਕ ਯਹੋਵਾਹ ਵੱਲੋਂ ਆਪਣੀ ਸੇਵਾ ਵਿਚ ਵਰਤੇ ਜਾਣ ਲਈ ਵਿਸ਼ਵਾਸ ਕਰਨਾ ਕੋਰਸ ਲਈ ਜ਼ਰੂਰੀ ਨਹੀਂ ਸੀ। ਬਾਈਬਲ ਇਹ ਸਾਫ਼ ਕਰ ਦਿੰਦੀ ਹੈ ਕਿ ਖ਼ੁਦਾ ਆਪਣੀਆਂ ਰੱਬੀ ਯੋਜਨਾਵਾਂ ਲਈ ਜਿਸ ਨੂੰ ਚਾਹੇ ਇਸਤੇਮਾਲ ਕਰ ਸਕਦਾ ਹੈ। ਧਰਤੀ ਦੇ ਰਾਜੇ ਭਾਵੇਂ ਕਿੰਨੇ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ, ਖ਼ੁਦਾ ਉਨ੍ਹਾਂ ਸਭਨਾਂ ਨਾਲੋਂ ਸ਼ਕਤੀਸ਼ਾਲੀ ਹੈ। ਉਹ ਸਰਵਸ਼ਕਤੀਮਾਨ ਹਾਕਮ ਹੈ, ਜੋ ''ਰਾਜਿਆਂ ਦਾ ਰਾਜਾ, ਪ੍ਰਭੂਆਂ ਦਾ ਪ੍ਰਭੂ'' ਹੈ (ਵੇਖੋ 1 ਤਿਮੋਥਿਉਸ 6: 15)। ਸਾਰਾ ਇਖ਼ਤਿਆਰ ਖ਼ੁਦਾ ਵੱਲੋਂ ਹੀ ਹੈ: ''ਅੱਤ ਮਹਾਨ, ਮਨੁੱਖਾਂ ਦੇ ਰਾਜ ਵਿਚ ਸਰਦਾਰੀ ਕਰਦਾ ਹੈ ਅਤੇ ਜਿਸ ਕਿਸੇ ਨੂੰ ਚਾਹੁੰਦਾ ਹੈ ਉਹ ਨੂੰ ਦਿੰਦਾ ਹੈ ਸਗੋਂ ਸਭਨਾਂ ਤੋਂ ਨੀਵੇਂ ਆਦਮੀ ਨੂੰ ਉਸ ਉੱਤੇ ਖੜਾ ਕਰਦਾ ਹਾਂ'' (ਬਿਵਸਥਾ ਸਾਰ 4: 17); ''ਅਜਿਹੀ ਕੋਈ ਹਕੂਮਤ ਨਹੀਂ ਜਿਹੜੀ ਪਰਮੇਸ਼ੁਰ ਦੀ ਵੱਲੋਂ ਨਾ ਹੋਵੇ ਅਤੇ ਜਿੰਨੀਆਂ

ਹਕੂਮਤਾਂ ਹਨ ਓਹ ਪਰਮੇਸ਼ੁਰ ਦੀਆਂ ਠਹਿਰਾਈਆਂ ਹੋਈਆਂ ਹਨ'' (ਰੋਮੀਆਂ 13:1)। ਉਸ ਦੇ ਇਖ਼ਤਿਆਰ ਨਾਲ ''ਅਸੀਂ ਜੀਉਂਦੇ ਅਤੇ ਤੁਰਦੇ ਫਿਰਦੇ ਅਤੇ ਮੌਜੂਦ ਹਾਂ'' (ਕਰਤੱਬ 17:28)। ਜਦ ਪਿਲਾਤੁਸ ਨੇ ਆਪਣੇ ਇਖ਼ਤਿਆਰ ਨਾਲ ਯਿਸੂ ਨੂੰ ਧਮਕਾਇਆ ਤਾਂ ਯਿਸੂ ਨੇ ਜਵਾਬ ਦਿੱਤਾ ਸੀ, ''ਜੇ ਤੈਨੂੰ ਇਹ ਉੱਪਰੋਂ ਨਾ ਦਿੱਤਾ ਜਾਂਦਾ ਤਾਂ ਮੇਰੇ ਉੱਤੇ ਤੇਰਾ ਕੁਝ ਵੱਸ ਨਾ ਚੱਲਦਾ'' (ਯੂਹੰਨਾ 19:11)।

ਖ਼ੁਦਾ ਦੇ ਕੋਰਸ ਦੇ ਭਾਵ ਇਕ ਬੇਵਿਸ਼ਵਾਸੇ, ਬਹੁਦੇਵਵਾਦੀ ਰਾਜੇ, ਅਰਥਾਤ ਇਕ ਅਜਿਹੇ ਸ਼ਖ਼ਸ ਦੇ ਰਾਹੀਂ ਜਿਹਨੂੰ ਇਹ ਪਤਾ ਨਹੀਂ ਸੀ ਕਿ ਉਹ ਯਹੋਵਾਹ ਦੀ ਇੱਛਾ ਪੂਰੀ ਕਰਨ ਵਾਲਾ ਹੈ, ਆਪਣੇ ਮਕਸਦਾਂ ਨੂੰ ਪੂਰਿਆਂ ਕਰਨ ਦੀ ਗੱਲ ਹੈਰਾਨ ਕਰਨ ਵਾਲੀ ਨਹੀਂ ਹੋਣੀ ਚਾਹੀਦੀ। ਬਾਈਬਲ ਸਾਫ਼ ਤੌਰ ਤੇ ਕਈ ਉਦਾਹਰਣਾਂ ਦਿੰਦੀ ਹੈ ਕਿ ਖ਼ੁਦਾ ਨੇ ਆਪਣੇ ਮਕਸਦਾਂ ਲਈ ਬੁੱਤਪ੍ਰਸਤ ਹਾਕਮਾਂ ਨੂੰ ਵਰਤਿਆ।[7] ਜਦ ਵੀ ਖ਼ੁਦਾ ਦੇ ਲੋਕਾਂ ਦੇ ਦੁਸ਼ਮਣਾਂ ਨੂੰ ਫ਼ੌਜੀ ਜਿੱਤਾਂ ਪ੍ਰਾਪਤ ਹੋਈਆਂ ਤਾਂ ਇਹ ਹਮੇਸ਼ਾ ਇਸ ਕਰਕੇ ਹੋਇਆ ਕਿ ਖ਼ੁਦਾ ਨੇ ਅੱਸ਼ੂਰ ਨੂੰ ਜਿੱਤ ਦੁਆਈ ਸੀ। ਉਸ ਮੌਕੇ ਦੇ ਸਬੰਧ ਵਿਚ ਜਦ ਅੱਸ਼ੂਰ ਨੇ ਇਸਰਾਏਲ ਉੱਤੇ ਜਿੱਤ ਪਾ ਕੇ ਇਸ ਦੇ ਵਾਸੀਆਂ ਨੂੰ ਜਲਾਵਤਨ ਕਰ ਦਿੱਤਾ, ਤਾਂ 2 ਰਾਜਿਆਂ 17:23 ਆਖਦਾ ਹੈ ਕਿ ''ਯਹੋਵਾਹ ਨੇ ਇਸਰਾਏਲ ਨੂੰ ਆਪਣੇ ਅੱਗਿਉਂ ਹਟਾ ਦਿੱਤਾ ... ਸੋ ਇਸਰਾਏਲ ਆਪਣੀ ਧਰਤੀ ਤੋਂ ਕੱਢ ਕੇ ਅੱਸ਼ੂਰ ਵਿਚ ਪਹੁੰਚਾਇਆ ਗਿਆ ...।''

ਖ਼ੁਦਾ ਵਲੋਂ ਖ਼ਾਸ ਤੌਰ ਤੇ ਕੋਰਸ ਨੂੰ ਵਰਤਿਆ ਜਾਣਾ ਯਸਾਯਾਹ ਦੇ ਰਾਹੀਂ ਕੀਤੀਆਂ ਗਈਆਂ ਨਬੂਵਤਾਂ ਦਾ ਪੂਰਾ ਹੋਣਾ ਸੀ। ਯਸਾਯਾਹ 44:28–45:5 ਵਿਚ ਖ਼ੁਦਾ ਨੇ ਇਹ ਆਖਦਿਆਂ ਕਿ ਉਹ ਖੋਰਸ ਨੂੰ ਇਸਰਾਏਲ ਦੀ ਖ਼ਾਤਿਰ ਹਕੂਮਤ ਉੱਤੇ ਬਿਠਾਵੇਗਾ ਉਸ ਨੂੰ, ''ਆਪਣਾ ਅਯਾਲੀ'' ਅਤੇ ਆਪਣਾ ''ਮਸਹ ਕੀਤਾ ਹੋਇਆ'' ਆਖਿਆ। ਉਸ ਨੇ ਸੰਕੇਤ ਦਿੱਤਾ ਕਿ ਖੋਰਸ ਨੇ ਯਰੂਸ਼ਲਮ ਅਤੇ ਹੈਕਲ ਨੂੰ ਫੇਰ ਤੋਂ ਬਣਾਉਣਾ ਸੀ। ਅਸਲ ਵਿਚ ਕੋਰਸ ਨੇ ਖ਼ੁਦਾ ਦੇ ਹੱਥ ਵਿਚ ਇਕ ਔਜ਼ਾਰ ਬਣਨਾ ਸੀ। ਉਸ ਦੇ ਸਬੰਧ ਵਿਚ ਯਹੋਵਾਹ ਨੇ ਆਖਿਆ, ''ਮੈਂ ਤੇਰਾ ਲੱਕ ਬਨ੍ਹਾਂਗਾ ਭਾਵੇਂ ਤੂੰ ਮੈਨੂੰ ਨਹੀਂ ਜਾਣਦਾ'' (ਯਸਾਯਾਹ 45:5)। ਬਾਈਬਲ ਤੋਂ ਬਾਹਰੀ ਇਕ ਹੋਰ ਰਵਾਇਤ ਮੁਤਾਬਕ ਕੋਰਸ ਨੇ ਯਸਾਯਾਹ ਦੀ ਕਿਤਾਬ ਦੀਆਂ ਇਨ੍ਹਾਂ ਨਬੂਵਤਾਂ ਨੂੰ ਪੜ੍ਹਿਆ, ਜਿਸ ਕਰਕੇ ਉਸ ਨੇ ਯਹੂਦੀਆਂ ਦੀ ਵਾਪਸੀ ਦਾ ਹੁਕਮ ਜਾਰੀ ਕੀਤਾ;[8] ਪਰ ਇਸ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਦਰੁੱਸਤ ਹੈ।

**ਆਇਤ 4.** ਇਸ ਹਵਾਲੇ ਵਿਚ ਯਹੂਦਾ ਦੀ ਵਾਪਸੀ ਨੂੰ ਦੂਜੇ ਕੂਚ ਵਿਚ ਵਿਖਾਇਆ ਗਿਆ ਹੈ। ਜਿਵੇਂ ਖ਼ੁਦਾ ਨੇ ਆਪਣੇ ਲੋਕਾਂ ਨੂੰ ਮਿਸਰ ਵਿੱਚੋਂ ਕੱਢਿਆ ਸੀ ਉਵੇਂ ਹੀ ਉਹ ਇਸ ਪੀੜ੍ਹੀ ਨੂੰ ਬਾਬਲ ਵਿੱਚੋਂ ਕੱਢ ਰਿਹਾ ਸੀ।

ਯਹੂਦਾ ਵਿਚ ਵਾਪਸ ਆਉਣ ਵਾਲੇ ਹਰ ਯਹੂਦੀ ਨੂੰ **ਰਹਿ ਗਿਆ** ਆਖਿਆ ਗਿਆ ਹੈ। ਇਹ ਸ਼ਬਦ ਕਿਰਿਆ *sh^e'ar* (*ਸ਼ੇਆਰ*), ਦੇ ਕ੍ਰਿਦੰਤ ਰੂਪ ਦਾ ਅਨੁਵਾਦ ਹੈ ਜੋ ਯਸਾਯਾਹ 10:20–22 ਵਾਲੇ ''ਬਕੀਆ,'' *sh^e'ar* (*ਸ਼ੇਆਰ*), ਨਾਲ ਸਬੰਧਿਤ ਹੈ। **ਜਿੱਥੇ ਉਹਦੀ ਵੱਸੋਂ ਹੋਵੇ** ਦਾ ਅਨੁਵਾਦ ਹੋਰ ਮੂਲ ਰੂਪ ਵਿਚ ''ਉਹ ਜਿਸ ਵੀ ਥਾਂ ਪ੍ਰਵਾਸ ਕਰਦਾ ਹੋਵੇ'' (ESV) ਹੋ ਸਕਦਾ ਹੈ। ''ਪਰਵਾਸ ਕਰਦਾ'' ਕਿਰਿਆ ਸ਼ਬਦ *gur* (*ਗੂਰ*) ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ''ਪਰਦੇਸੀ ਦੇ ਰੂਪ ਵਿਚ ਰਹਿੰਦਾ।'' ਯਹੂਦੀਆਂ ਵੱਲੋਂ ਬਾਬਲ ਦੀ ਅਸੀਰੀ ਵਿਚ ਬਿਤਾਇਆ ਗਿਆ ਸਮਾਂ ਸਦਾ ਲਈ ਨਹੀਂ ਸੀ।

ਹੁਕਮ ਨਾਲ ਹਰ ਯਹੂਦੀ ਲਈ ਜਾਣਾ ਸੰਭਵ ਹੋ ਗਿਆ; ਪਰ ਬਾਬਲ ਵਿਚ ਸਕੂਨ ਅਤੇ ਖੁਸ਼ਹਾਲੀ ਮਿਲਣ ਕਰਕੇ ਬਹੁਤੇ ਉੱਥੇ ਹੀ ਰਹਿ ਗਏ। ਜਿਹੜੇ ਉੱਥੇ ਰਹਿ ਗਏ ਸਨ ਉਨ੍ਹਾਂ ਵੱਲੋਂ ਵਾਪਸ ਜਾਣ ਵਾਲਿਆਂ ਦੀ ਮਦਦ ਖੁੱਲ੍ਹਦਿਲੀ ਨਾਲ ਦਿੱਤੇ ਜਾਣ ਵਾਲੇ ਤੋਹਫ਼ਿਆਂ ਨਾਲ ਕਰਨ ਲਈ ਹੌਂਸਲਾ ਅਫ਼ਜਾਈ ਕੀਤੀ ਗਈ। ਕੋਰਸ ਨੇ ਨਿਰਦੇਸ਼ ਦਿੱਤਾ, **ਉਸ ਥਾਂ ਦੇ ਲੋਕ ਚਾਂਦੀ ਸੋਨੇ ਤੇ ਮਾਲ ਤੇ ਪਸੂ ਦੇ ਕੇ ਉਹ ਦੀ ਸਹਾਇਤਾ ਕਰਨ ਤੇ ਨਾਲੇ ਓਹ ਪਰਮੇਸ਼ੁਰ ਦੇ ਭਵਨ ਲਈ ਜੋ ਯਰੂਸ਼ਲਮ ਵਿੱਚ**

**ਹੈ ਆਪਣੀ ਖੁਸ਼ੀ ਦੀ ਭੇਟ ਨਾਲ ਦੇਣ।** ਅਜਿਹੇ ਤੋਹਫ਼ਿਆਂ ਨਾਲ ਵਾਪਸ ਜਾਣ ਵਾਲਿਆਂ ਨੂੰ ਸਫ਼ਰ ਵਿਚ ਖ਼ਰਚ ਚਲਾਉਣ ਵਿਚ ਅਤੇ ਆਪਣੇ ਮੁੜ ਵਸੇਬੇ ਵਿਚ ਮਦਦ ਮਿਲਣੀ ਸੀ। ''ਖੁਸ਼ੀ ਦੀ ਭੇਟ'' ਸੰਭਵ ਤੌਰ ਤੇ ਹੈਕਲ ਦੀ ਮੁੜ ਉਸਾਰੀ ਦੇ ਖਰਚਿਆਂ ਵਿਚ ਮਦਦ ਕਰਨ ਲਈ ਸੀ। ਇਨ੍ਹਾਂ ਨਾਲ ਪਾਠਕ ਨੂੰ ਉਹ ਮਨਮਰਜ਼ੀ ਦੀਆਂ ਭੇਟਾਂ ਯਾਦ ਆ ਜਾਂਦੀਆਂ ਹਨ ਜਿਹੜੀਆਂ ਪਵਿੱਤਰ ਅਸਥਾਨ ਦੇ ਬਣਾਏ ਜਾਣ ਵੇਲੇ ਇਸਰਾਏਲੀਆਂ ਨੇ ਦਿੱਤੀਆਂ ਸਨ (ਕੂਚ 35:20–36:7)। ਇਹ ਵੀ ਸੰਭਵ ਹੈ ਕਿ ਗੈਰ–ਇਸਰਾਏਲੀ ਗੁਆਂਢੀਆਂ ਨੂੰ ਯਹੂਦੀਆਂ ਨੂੰ ਉਨ੍ਹਾਂ ਦੇ ਸਫ਼ਰ ਵਿਚ ਮਦਦ ਕਰਨ ਦਾ ਮੌਕਾ ਦਿੱਤਾ ਗਿਆ ਸੀ (ਵੇਖੋ 1:6)।

## ਯਹੂਦੀਆਂ ਦਾ ਜਵਾਬ ਅਤੇ ਹੈਕਲ ਲਈ ਭੇਟਾਂ (1:5-11)

**[5]ਤਦ ਯਹੂਦਾਹ ਤੇ ਬਿਨਯਾਮੀਨ ਦੇ ਪ੍ਰਿਤਾਂ ਦੇ ਘਰਾਣਿਆਂ ਦੇ ਮੁਖੀਏ ਤੇ ਜਾਜਕ ਤੇ ਲੇਵੀ ਅਤੇ ਓਹ ਸੱਭੇ ਜਿਨ੍ਹਾਂ ਦੇ ਮਨਾਂ ਨੂੰ ਪਰਮੇਸ਼ੁਰ ਨੇ ਪਰੇਰਿਆ ਉੱਠੇ ਭਈ ਜਾ ਕੇ ਯਹੋਵਾਹ ਦਾ ਭਵਨ ਜੋ ਯਰੂਸ਼ਲਮ ਵਿੱਚ ਹੈ ਬਣਾਉਣ [6]ਅਤੇ ਉਨ੍ਹਾਂ ਸਭਨਾਂ ਨੇ ਜੋ ਉਨ੍ਹਾਂ ਦੇ ਆਲੇ ਦੁਆਲੇ ਸਨ ਖੁਸ਼ੀ ਨਾਲ ਦਿੱਤੀਆਂ ਹੋਈਆਂ ਵਸਤੂਆਂ ਦੇ ਨਾਲ ਹੀ ਚਾਂਦੀ ਦਿਆਂ ਭਾਂਡਿਆਂ ਤੇ ਸੋਨੇ ਤੇ ਮਾਲ ਤੇ ਪਸੂਆਂ ਤੇ ਬਹੁਮੁੱਲੀਆਂ ਵਸਤੂਆਂ ਨਾਲ ਉਨ੍ਹਾਂ ਦੇ ਹੱਥ ਤਕੜੇ ਕੀਤੇ। [7]ਕੋਰਸ ਪਾਤਸ਼ਾਹ ਨੇ ਵੀ ਯਹੋਵਾਹ ਦੇ ਭਵਨ ਦੇ ਉਨ੍ਹਾਂ ਭਾਂਡਿਆਂ ਨੂੰ ਕਢਵਾਇਆ ਜਿਨ੍ਹਾਂ ਨੂੰ ਨਬੂਕਦਨੱਸਰ ਯਰੂਸ਼ਲਮ ਤੋਂ ਲੈ ਆਇਆ ਸੀ ਤੇ ਆਪਣੇ ਦਿਓਤਿਆਂ ਦੇ ਮੰਦਰ ਵਿੱਚ ਰੱਖਿਆ ਹੋਇਆ ਸੀ [8]ਏਨ੍ਹਾਂ ਨੂੰ ਹੀ ਫ਼ਾਰਸ ਦੇ ਪਾਤਸ਼ਾਹ ਕੋਰਸ ਨੇ ਮਿਥਰਦਾਥ ਖ਼ਜ਼ਾਨਚੀ ਦੇ ਹੱਥੀਂ ਕਢਵਾਇਆ ਤੇ ਗਿਣ ਕੇ ਯਹੂਦਾਹ ਦੇ ਸ਼ਜ਼ਾਦੇ ਸ਼ੇਸ਼ਬੱਸਰ ਨੂੰ ਦਿੱਤਾ [9]ਅਤੇ ਉਨ੍ਹਾਂ ਦੀ ਗਿਣਤੀ ਇਹ ਸੀ, ਸੋਨੇ ਦੇ ਤੀਹ ਥਾਲ, ਚਾਂਦੀ ਦੇ ਹਜ਼ਾਰ ਥਾਲ ਅਤੇ ਉਨੱਤੀ ਛੁਰੀਆਂ [10]ਸੋਨੇ ਦੇ ਤੀਹ ਕਟੋਰਦਾਨ, ਚਾਂਦੀ ਦੇ ਦੂਜੀ ਪਰਕਾਰ ਦੇ ਚਾਰ ਸੌ ਦਸ, ਕੌਲ ਤੇ ਦੂਜੇ ਭਾਂਡੇ ਇੱਕ ਹਜ਼ਾਰ [11]ਸੋਨੇ ਚਾਂਦੀ ਦੇ ਸਾਰੇ ਭਾਂਡੇ ਪੰਜ ਹਜ਼ਾਰ ਚਾਰ ਸੌ ਸਨ। ਸ਼ੇਸ਼ਬੱਸਰ ਇਨ੍ਹਾਂ ਸਭਨਾਂ ਨੂੰ ਬਾਬਲ ਤੋਂ ਯਰੂਸ਼ਲਮ ਨੂੰ ਮੁੜਨ ਵਾਲਿਆਂ ਬੰਧੂਆਂ ਨਾਲ ਲੈ ਆਇਆ।**

**ਆਇਤ 5.** ਬਾਬਲ ਵਿਚ ਯਹੂਦੀਆਂ ਨੇ ਕੋਰਸ ਦੇ ਹੁਕਮ ਨੂੰ ਖੁਸ਼ੀ ਖੁਸ਼ੀ ਮੰਨ ਲਿਆ, ਖ਼ਾਸ ਤੌਰ ਤੇ **ਯਹੂਦਾ ਤੇ ਬਿਨਯਾਮੀਨ** (ਦੋ ਗੋਤਰ ਜਿਨ੍ਹਾਂ ਨੂੰ ਦੱਖਣੀ ਰਾਜ ਬਣਦਾ ਸੀ) **ਦੇ ਘਰਾਣਿਆਂ ਦੇ ਮੁਖੀਏ ਜਾਜਕ ਤੇ ਲੇਵੀ ਅਤੇ ਓਹ ਸੱਭੇ ਜਿਨ੍ਹਾਂ ਦੇ ਮਨਾਂ ਨੂੰ ਪਰਮੇਸ਼ੁਰ ਨੇ ਪਰੇਰਿਆ** ਵਾਪਸ ਜਾਣ ਲਈ ਤਿਆਰ ਹੋ ਗਏ। ਲੋਕਾਂ ਨੂੰ ਉਹ ਕਰਨ ਲਈ ਦਲੇਰ ਕਰਦਿਆਂ ਜੋ ਉਨ੍ਹਾਂ ਨੂੰ ਕਰਨਾ ਚਾਹੁੰਦਾ ਸੀ ਖ਼ੁਦਾ ਇਸ ਵਿਚ ਕੰਮ ਕਰ ਰਿਹਾ ਸੀ। ਉਨ੍ਹਾਂ ਨੂੰ ਜਾਣ ਦਾ ਸੱਦਾ ਮੰਨ ਲੈਣ ਲਈ ਆਪਣੇ ਵਤਨ ਵਾਪਸ ਜਾਣ ਦੇ ਵਿਚਾਰ ਨੇ ਨਹੀਂ ਪ੍ਰੇਰਿਆ ਸੀ ਅਤੇ ਨਾ ਹੀ ਇਹ ਸੰਭਾਵਨਾ ਸੀ ਕਿ ਉੱਥੇ ਉਨ੍ਹਾਂ ਨੂੰ ਐਨੀ ਖੁੱਲ੍ਹ ਜਾਂ ਖੁਸ਼ਹਾਲੀ ਮਿਲ ਸਕੇਗੀ। ਬਲਕਿ ਇਹ ਤਾਂ ਯਹੋਵਾਹ ਦੀ ਹੈਕਲ ਨੂੰ **ਬਣਾਉਣ** ਦੀ ਉਨ੍ਹਾਂ ਦੀ ਇੱਛਾ ਕਰਕੇ ਸੀ।

ਖ਼ੁਦਾ ਨੇ ਆਪਣੇ ਵੱਡੇ ਮਕਸਦਾਂ ਨੂੰ ਪੂਰਿਆਂ ਕਰਨ ਲਈ ਆਪਣੇ ਲੋਕਾਂ ਦੀ ਛੋਟੀ ਜਿਹੀ ਜਮਾਤ ਨੂੰ ਵਰਤਿਆ। ਡੇਰੇਕ ਕਿਡਨਰ ਨੇ ਵਿਖਾਇਆ ਹੈ ਕਿ ਦੋ ਸੌ ਸਾਲ ਪਹਿਲਾਂ ਉੱਤਰੀ ਰਾਜ ਖਿੰਡ ਗਿਆ, ਪਰ ਯਹੂਦਾ ਦਾ ਛੋਟਾ ਜਿਹਾ ਰਾਜ (ਜਿਸ ਦੇ ਹੋਰਨਾਂ ਗੋਤਰਾਂ ਵਿਚ ਕੁਝ ਕੁ ਲੋਕ ਸਨ) ਅਜੇ ਵੀ ''ਇਸਰਾਏਲ'' ਅਖਵਾ ਸਕਦਾ ਸੀ (1:3; 2:2)। ਉਸ ਨੇ ਲਿਖਿਆ, ''ਹੁਣ ਯਹੋਵਾਹ ਨੇ ਸ਼ਾਇਦ ਇਹ ਵਿਖਾਉਣ ਲਈ ਕਿ ਉਹ ਵੱਡੀਆਂ ਪਲਟਨਾਂ ਦਾ ਖ਼ੁਦਾ ਨਹੀਂ ਹੈ, ਇਸ ਬਕੀਏ ਦੇ ਬਕੀਏ ਨੂੰ ਹੀ ਕਾਰਵਾਹੀ ਲਈ ਤਿਆਰ ਕੀਤਾ।''[9]

**ਆਇਤ 6.** ਕੁਝ ਲੋਕ ਵਾਪਸ ਨਹੀਂ ਗਏ ਪਰ ਫਿਰ ਵੀ ਉਹ ਇਸ ਯੋਜਨਾ ਵਿਚ ਸ਼ਾਮਿਲ ਸਨ। **ਉਨ੍ਹਾਂ ਸਭਨਾਂ ਨੇ ਜੋ ਉਨ੍ਹਾਂ ਦੇ ਆਲੇ ਦੁਆਲੇ ਸਨ** ਦਾ ਮਤਲਬ ਉਹ ਯਹੂਦੀ ਸਨ ਜਿਨ੍ਹਾਂ ਨੇ ਬਾਬਲ ਵਿਚ ਰਹਿਣ ਦਾ ਫ਼ੈਸਲਾ ਕੀਤਾ ਸੀ, ਪਰ ਇਸ ਵਿਚ ਉਨ੍ਹਾਂ ਦੇ ਗੈਰ–ਕੌਮ ਗੁਆਂਢੀ ਵੀ ਸ਼ਾਮਿਲ ਹੋ ਸਕਦੇ ਹਨ। ਜਿਹੜੇ ਬਾਬਲ ਵਿਚ ਰਹਿ ਗਏ ਸਨ ਉਨ੍ਹਾਂ ਨੇ ਖੁੱਲ੍ਹਦਿਲੀ ਨਾਲ ਕੋਰਸ ਦੇ ਹੁਕਮ ਦੇ ਮੁਤਾਬਕ ਹੀ ਦਿੱਤਾ ਸੀ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਆਪਣੇ ਮਿਸ਼ਨ ਤੇ ਜਾਣ ਵਾਲਿਆਂ **ਦੇ ਹੱਥ ਤਕੜੇ ਕੀਤੇ।** ਇਹ (KJV) ਵਾਂਗ ਮੂਲ ਇਬਰਾਨੀ ਲਿਖਤ ਨਾਲ ਮੇਲ ਖਾਂਦਾ ਹੈ। ਹੋਰਨਾਂ ਸੰਸਕਰਣਾਂ ਵਿਚ ਇਸ ਮੁਹਾਵਰੇ ਦਾ ਅਨੁਵਾਦ ''ਦਲੇਰ ਕੀਤਾ'' (NASB), ''ਸਹਾਇਤਾ ਕੀਤੀ'' (NRSV), ''ਹਮਾਇਤ ਕੀਤੀ'' (NJPSV), ਜਾਂ ''ਸਹਿਯੋਗ ਕੀਤਾ'' (NIV) ਹੈ। ਉਨ੍ਹਾਂ ਨੇ ਅਜਿਹਾ **ਮਾਲ ਤੇ ਪਸ਼ੂਆਂ ਤੇ ਬਹੁਮੁੱਲੀਆਂ ਵਸਤੂਆਂ ਨਾਲ ਚਾਂਦੀ ਦਿਆਂ ਭਾਂਡਿਆਂ ਤੇ ਸੋਨੇ** ਦੀਆਂ ਚੀਜ਼ਾਂ ਦੇ ਕੇ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ **ਖੁਸ਼ੀ ਨਾਲ ਦਿੱਤੀਆਂ ਹੋਈਆਂ ਵਸਤੂਆਂ** ਦਿੱਤੀਆਂ ਜਿਹੜੀਆਂ ਹੈਕਲ ਦੀ ਉਸਾਰੀ ਵਿਚ ਵਿੱਤੀ ਮਦਦ ਲਈ ਵਰਤੀਆਂ ਜਾਣੀਆਂ ਹੋਣਗੀਆਂ। 1:6 ਦੀ ਭਾਸ਼ਾ ਯਾਦ ਦੁਆਉਂਦੀ ਹੈ ਕਿ ਇਸਰਾਏਲੀਆਂ ਨੇ ਕੂਚ ਵੇਲੇ ਮਿਸਰੀਆਂ ਤੋਂ ਉਨ੍ਹਾਂ ਨੂੰ ਲੁੱਟ ਕੇ ਕਿਵੇਂ ''ਚਾਂਦੀ ਦੇ ਗਹਿਣੇ ਅਤੇ ਸੋਨੇ ਦੇ ਗਹਿਣੇ'' ਲਏ ਸਨ (ਕੂਚ 12:35, 36)।

**ਆਇਤ 7. ਕੋਰਸ ਪਾਤਸ਼ਾਹ** ਨੇ ਯਹੂਦੀਆਂ ਨੂੰ ਉਹ ਉਨ੍ਹਾਂ ਭਾਂਡਿਆਂ ਨੂੰ ਜਿਹੜੇ **ਨਬੂਕਦਨੱਸਰ ਯਰੂਸ਼ਲਮ** ਦੇ **ਯਹੋਵਾਹ ਦੇ ਭਵਨ** ਵਿੱਚੋਂ ਲੈ ਆਇਆ ਸੀ, ਮੋੜ ਕੇ ਹੈਕਲ ਦੀ ਬੰਦਗੀ ਨੂੰ ਬਹਾਲ ਕਰਨ ਵਿਚ ਆਪਣਾ ਯੋਗਦਾਨ ਦਿੱਤਾ। ਇਹ ਭਾਂਡੇ 605 ਈ.ਪੂ. (ਬਿਵਸਥਾ ਸਾਰ 1:1, 2), 597 ਈ.ਪੂ. (2 ਰਾਜਿਆਂ 24:13), ਅਤੇ 586 ਈ.ਪੂ. ਵਿਚ ਹੈਕਲ ਦੀ ਬਰਬਾਦੀ ਵੇਲੇ (2 ਰਾਜਿਆਂ 25:13–17) ਯਰੂਸ਼ਲਮ ਉੱਤੇ ਕੀਤੇ ਗਏ ਤਿੰਨ ਹਮਲਿਆਂ ਦੌਰਾਨ ਲਿਆਂਦੇ ਗਏ ਸਨ। ਨਬੂਕਦਨੱਸਰ ਉਹ ਭਾਂਡੇ ਬਾਬਲ ਵਿਚ ਲੈ ਆਇਆ ਸੀ ਅਤੇ ਉਸ ਨੇ ਆਪਣੇ **ਦਿਓਤਿਆਂ ਦੇ ਮੰਦਰ** ਵਿਚ ਰੱਖੇ ਹੋਏ ਸਨ (ਬਿਵਸਥਾ ਸਾਰ 1:2)। ਇਨ੍ਹਾਂ ਵਿੱਚੋਂ ਕੁਝ ਭਾਂਡੇ ਬਿਵਸਥਾ ਸਾਰ 5:1–4 ਵਿਚ ਦੱਸੀ ਗਈ ਸ਼ਰਾਬ ਦੀ ਦਾਅਵਤ ਵੇਲੇ ਬੇਲਸ਼ੱਸਰ ਲਿਆਇਆ ਸੀ।

**ਆਇਤ 8. ਕੋਰਸ** ਨੇ ਮੰਦਰ ਵਿਚ ਉਨ੍ਹਾਂ ਭਾਂਡਿਆਂ ਨੂੰ **ਮਿਥਰਦਾਥ ਖ਼ਜ਼ਾਨਚੀ ਦੇ ਹੱਥੀਂ ਕਢਵਾਇਆ** ਅਤੇ ਉਸ ਨੇ ਉਹ **ਸ਼ੇਸ਼ਬੱਸਰ** ਨੂੰ ਸੌਂਪ ਦਿੱਤੇ ਜਿਸ ਨੂੰ **ਯਹੂਦਾਹ ਦੇ ਸ਼ਜ਼ਾਦੇ** ਕਿਹਾ ਗਿਆ ਹੈ, ਪਰ ''ਸ਼ਜ਼ਾਦੇ'' ਦਾ ਅਰਥ (*naśi'*, *ਨਾਸੀ*) ਜ਼ਰੂਰੀ ਨਹੀਂ ਹੈ ਕਿ ਉਹ ਸ਼ਾਹੀ ਖ਼ਾਨਦਾਨ ਵਿੱਚੋਂ (ਭਾਵ ਦਾਊਦ ਦੀ ਕੁਲ ਵਿੱਚੋਂ) ਹੋਵੇ। ਇਬਰਾਨੀ ਸ਼ਬਦ ਦਾ ਅਰਥ ''ਹਾਕਮ'' ਜਾਂ ''ਆਗੂ'' ਵੀ ਹੋ ਸਕਦਾ ਹੈ।

ਸ਼ੇਸ਼ਬੱਸਰ ਦਾ ਜ਼ਿਕਰ ਅਜ਼ਰਾ 5:14–16 ਵਿਚ ਵੀ ਹੋਇਆ ਹੈ, ਪਰ ਹੈਕਲ ਦੇ ਅਸਲ ਵਿਚ ਬਣਾਏ ਜਾਣ ਦੇ ਵਿਰਤਾਂਤ ਵਿਚ ਉਸ ਦਾ ਜ਼ਿਕਰ ਨਹੀਂ ਹੈ। ਬਲਕਿ ਉਸ ਕੋਸ਼ਿਸ਼ ਵਿਚ ਯਹੂਦੀਆਂ ਦੀ ਅਗਵਾਈ ਕਰਨ ਲਈ ਜ਼ਰੁੱਬਾਬਲ (ਪ੍ਰਧਾਨ ਯਾਜਕ ਦੇ ਨਾਲ) ਯੇਸ਼ੂਆ ਦਾ ਨਾਂਅ ਮਿਲਦਾ ਹੈ (3:2)। ਸ਼ੇਸ਼ਬੱਸਰ ਅਤੇ ਜ਼ਰੁੱਬਾਬਲ ਦੇ ਵਿਕਾਰ ਸਬੰਧ ਦਾ ਪੱਕਾ ਪਤਾ ਨਹੀਂ ਹੈ ਪਰ ਕਈ ਸੰਭਾਵਨਾਵਾਂ ਦੱਸੀਆਂ ਗਈਆਂ ਹਨ। (1) ਸ਼ੇਸ਼ਬੱਸਰ ਹੋ ਸਕਦਾ ਹੈ ਕਿ ਇਸ ਗੱਲੇ ''ਯਹੂਦਾ ਦਾ ਸ਼ਜ਼ਾਦਾ'' ਹੋਵੇ ਕਿ ਉਹ ਬੰਦੀ ਬਣਾਏ ਬਕੀਏ ਦਾ ਅਖੌਤੀ ਮੁਖੀ ਹੋਵੇ, ਜਦਕਿ ਜ਼ਰੁੱਬਾਬਲ ਹੋ ਸਕਦਾ ਹੈ ਕਿ ਉਹ ਸ਼ਖ਼ਸ ਹੋਵੇ ਜਿਸ ਕੋਲ ਪ੍ਰਬੰਧਕੀ ਜ਼ਿੰਮਾ ਸੀ। (ਜਿਵੇਂ ਇੰਗਲੈਂਡ ਵਿਚ ਰਾਜਾ ਅਤੇ ਰਾਣੀ ਪ੍ਰਧਾਨ ਮੰਤਰੀ ਦੋਵੇਂ ਹੋ ਸਕਦੇ ਹਨ)। (2) ਇਕ ਹੋਰ ਸੰਭਾਵਨਾ ਇਹ ਹੈ ਕਿ ਹੋ ਸਕਦਾ ਹੈ ਕਿ ਇਹ ਦੋਵੇਂ ਕਿਸੇ ਨਾ ਕਿਸੇ ਤਰ੍ਹਾਂ ਨਾਲ ਇਹ ਜ਼ਿੰਮੇਵਾਰੀ ਸੰਭਾਲ ਰਹੇ ਹੋਣ। ਇਕ ਜਣਾ ਹੈਕਲ ਦੇ ਖ਼ਜ਼ਾਨੇ ਦਾ ਇੰਚਾਰਜ ਹੋ ਸਕਦਾ ਹੈ (ਸ਼ਾਇਦ ਜਿਵੇਂ ਕਿ ਮੁੱਖ ਲੇਖਾਕਾਰ), ਜਦ ਕਿ ਦੂਜਾ ਬੁਨਿਆਦੀ ਆਗੂ/ਪ੍ਰਬੰਧਕ ਹੋਵੇ। ਇਹ ਵੀ ਹੋ ਸਕਦਾ ਹੈ ਕਿ ਉਹ ਬਦਲ ਬਦਲ ਕੇ ਯਹੂਦਾ ਦੇ ਹਾਕਮ ਦਾ ਕੰਮ ਕਰਦੇ ਹੋਣ ਜਾਂ ਇਕ ਜਣਾ ਪਹਿਲਾਂ ਵਾਪਸ ਚਲਿਆ ਗਿਆ ਹੋਵੇ। (3) ਕਈਆਂ ਦਾ ਸੁਝਾਅ ਹੈ ਕਿ ''ਸ਼ੇਸ਼ਬੱਸਰ'' ਜ਼ਰੁੱਬਾਬਲ

ਦਾ ਇਕ ਇਕ ਹੋਰ ਨਾਂਅ ਹੈ (ਜਿਵੇਂ ਬਿਵਸਥਾ ਸਾਰ ਅਤੇ ਉਸ ਦੇ ਤਿੰਨ ਦੋਸਤਾਂ ਦੇ ਯਹੂਦੀ ਨਾਵਾਂ ਦੇ ਨਾਲ ਨਾਲ ਬਾਬਲ ਦੇ ਨਾਂਅ ਵੀ ਹਨ)। ਇਸ ਪੇਸ਼ਕਸ਼ ਵਿਚ ਦਿੱਕਤ ਇਹ ਹੈ ਕਿ ''ਸ਼ੇਸ਼ਬੱਸਰ'' ਅਤੇ ''ਜ਼ਰੁੱਬਾਬਲ'' ਦੋਵੇਂ ਹੀ ਬਾਬਲ ਵਾਲੇ ਨਾਂਅ ਸਨ। (4) ਸ਼ਾਇਦ ਯਹੂਦੀਆਂ ਦੇ ਬਾਬਲ ਵਿੱਚੋਂ ਚਲੇ ਜਾਣ ਤੇ ਸ਼ੇਸ਼ਬੱਸਰ ਇੰਚਾਰਜ ਸੀ ਪਰ ਕਿਸੇ ਕਾਰਣ ਉਨ੍ਹਾਂ ਦੇ ਯਹੂਦਾ ਵਿਚ ਪਹੁੰਚਣ ਤੇ ਜ਼ਰੁੱਬਾਬਲ ਆਗੂ ਬਣ ਗਿਆ।[10]

**ਆਇਤਾਂ 9-11.** ਵਚਨ ਦੇ ਲੇਖਕ ਨੇ ਇਹ ਦੱਸਦਿਆਂ ਕਿ ਹੈਕਲ ਦੇ ਕਿੰਨੇ ਭਾਂਡੇ ਮੋੜੇ ਗਏ ਸਨ, ਵਿਸਤਾਰ ਦੇਣ ਦੇ ਆਪਣੇ ਰੁਝਾਨ ਨੂੰ ਵਿਖਾਇਆ। ਕੁਲ ਮਿਲਾ ਕੇ ਇਹ ਇਕ ਵੱਡਾ ਖ਼ਜ਼ਾਨਾ ਸੀ, ਭਾਵੇਂ ਅੱਜ ਦੇ ਹਿਸਾਬ ਨਾਲ ਹੀ ਵੇਖੀਏ:

30 **ਸੋਨੇ ਦੇ ਥਾਲ**
1,000 **ਚਾਂਦੀ ਦੇ ਥਾਲ**
29 **ਛੁਰੀਆਂ**
30 **ਸੋਨੇ ਦੇ ਕਟੋਰਦਾਨ**
410 **ਚਾਂਦੀ ਦੇ ਕੌਲ**
1,000 **ਦੂਜੇ ਭਾਂਡੇ**

ਇਸ ਲਿਸਟ ਵਿਚ ਦੋ ਦਿੱਕਤਾਂ ਹਨ। ਪਹਿਲੀ ਇਹ ਕਿ ਅਨੁਵਾਦ ਹੋਇਆ ਸ਼ਬਦ ''ਛੁਰੀਆਂ'' (*mach*$^{a}$*lapim*, *ਮਾਖਲਾਪਿਮ*) ਅਸਪੱਸ਼ਟ ਹੈ ਜਿਸ ਕਰਕੇ ਇਸ ਦਾ ਅਨੁਵਾਦ ਕਈ ਤਰ੍ਹਾਂ ਨਾਲ ਕੀਤਾ ਗਿਆ ਹੈ: ''ਚਾਕੂ'' (NRSV), ''ਚਾਂਦੀ ਦੇ ਕੜਾਹੇ'' (NIV), ''ਭਾਂਤ ਭਾਂਤ ਦੇ ਡੋਂਗੇ'' (REB), ''ਚਾਂਦੀ ਦੇ ਬਰਤਨ *[ਮੁਰੰਮਤ ਕੀਤੇ]*'' (NJB), ਅਤੇ ''ਹੋਰ ਡੋਂਗੇ'' (CEV)।

ਦੂਜੀ ਦਿੱਕਤ ਕੁਲ 5,400, ਲਗਦੀ ਹੈ; ਕਿਉਂ ਜੋ ਉੱਪਰ ਦਿੱਤੀ ਲਿਸਟ ਵਿਚ ਭਾਂਡਿਆਂ ਦੀ ਗਿਣਤੀ ਨਹੀਂ ਹੈ (2,499)। ਐਡਵਿਨ ਐੱਮ. ਯਾਮੋਚੀ ਨੇ ਸਮਝਾਇਆ ਹੈ ਕਿ ਇਹ ਫ਼ਰਕ ਇਸ ਕਰਕੇ ਹੋ ਸਕਦਾ ਹੈ ਕਿ ''ਸਿਰਫ਼ ਵੱਡੇ ਅਤੇ ਬਹੁਤੇ ਕੀਮਤੀ ਭਾਂਡੇ ਹੀ ਦਰਜ ਕੀਤੇ ਗਏ ਸਨ।''[11] **ਸੋਨੇ ਚਾਂਦੀ ਦੇ ਇਹ ਸਾਰੇ ਭਾਂਡੇ ਸ਼ੇਸ਼ਬੱਸਰ** ਦੇ ਸਪੁਰਦ ਕੀਤੇ ਗਏ ਸਨ। ਜਿਸ ਵਿਚ ਦੱਸਿਆ ਗਿਆ ਕਿ ਇਸ ਖ਼ਜ਼ਾਨੇ ਨੂੰ ਉਹ **ਬਾਬਲ ਤੋਂ ਯਰੂਸ਼ਲਮ ਨੂੰ ਮੁੜਨ ਵਾਲਿਆਂ ਬੰਧੂਇਆਂ ਨਾਲ ਲੈ** ਗਿਆ। ਕੀਥ ਐੱਨ. ਸ਼ੋਵਿੱਲ ਦਾ ਮੰਨਣਾ ਸੀ ਕਿ ਲੇਖਕ ਦੀ ''ਮੁੱਖ ਗੱਲ ਸੁਲੇਮਾਨੀ ਅਤੇ ਦੂਜੀ ਹੈਕਲ ਵਿਚਲੇ ਸਿਲਸਿਲੇ ਨੂੰ ਕਾਇਮ ਰੱਖਣ ਦੀ ਲਗਦੀ ਹੈ। ਦੂਜੀ ਹੈਕਲ ਭਾਵੇਂ ਪੂਰੀ ਤਰ੍ਹਾਂ ਨਾਲ ਇਕ ਨਵੀਂ ਬਣਤਰ ਹੋਣੀ ਸੀ ਪਰ ਦੋਹਾਂ ਵਿਚ ਉਹੀ ਪਵਿੱਤਰ ਭਾਂਡੇ ਵਰਤੇ ਜਾਣੇ ਸਨ।''[12]

ਅਧਿਆਇ 1 ਕਿਤਾਬ ਦੇ ਪਹਿਲੇ ਛੇ ਅਧਿਆਇ ਦੇ ਵਿਸ਼ੇ ਉੱਤੇ ਜ਼ੋਰ ਦੇਣ ਨਾਲ ਖ਼ਤਮ ਹੁੰਦਾ ਹੈ ਕਿ ਇਸ ਪੂਰੇ ਭਾਗ ਵਿਚ ਮੁੱਖ ਧਿਆਨ ਇਹ ਬਿਆਨ ਕਰਨ ਉੱਤੇ ਹੈ ਕਿ ਖ਼ੁਦਾ ਦੇ ਲੋਕ ਬਾਬਲ ਵਿੱਚੋਂ ਕਿਵੇਂ ਗਏ, ਯਰੂਸ਼ਲਮ ਕਿਵੇਂ ਪਹੁੰਚੇ ਅਤੇ ਉਨ੍ਹਾਂ ਨੇ ਯਹੋਵਾਹ ਦੀ ਹੈਕਲ ਕਿਵੇਂ ਬਣਾਈ।

## ਪ੍ਰਾਸੰਗਿਕਤਾ

### **ਖ਼ੁਦਾ ਦੇ ਭੇਤ ਭਰੇ ਤਰੀਕੇ** (1: 1-4)

ਅਜ਼ਰਾ ਦੀ ਕਿਤਾਬ ਦੇ ਪਹਿਲੇ ਅਧਿਆਇ ਮੁਤਾਬਕ 538 ਈ.ਪੂ. ਦੇ ਨੇੜੇ ਤੇੜੇ ਫ਼ਾਰਸ ਦੇ ਬਾਦਸ਼ਾਹ ਕੋਰਸ ਮਹਾਨ ਨੇ ਹੁਕਮ ਜਾਰੀ ਕੀਤਾ ਜਿਸ ਨਾਲ ਯਹੂਦੀਆਂ ਨੂੰ ਬਾਬਲ ਵਿਚ ਅਸੀਰੀ

ਦੇ ਕਈ ਵਰ੍ਹੇ ਕੱਟਣ ਤੋਂ ਬਾਅਦ ਆਪਣੇ ਵਤਨ ਵਾਪਸ ਜਾਣ ਦੀ ਇਜਾਜ਼ਤ ਮਿਲ ਗਈ। ਅਜ਼ਰਾ ਵਿਚਲੀਆਂ ਘਟਨਾਵਾਂ ਤੋਂ ਅਸੀਂ ਖ਼ੁਦਾ ਅਤੇ ਮਨੁੱਖ ਨਾਲ ਉਸ ਦੇ ਵਿਹਾਰਾਂ ਬਾਰੇ ਕੀ ਜਾਣ ਸਕਦੇ ਹਾਂ? ਘੱਟੋ–ਘੱਟ ਚਾਰ ਸਚਿਆਈਆਂ ਸਾਫ਼ ਪਤਾ ਲਗਦੀਆਂ ਹਨ।

*ਖ਼ੁਦਾ ਦੀ ਸ਼ਕਤੀ ਸਰਵਉੱਚ ਹੈ।* ਕੋਰਸ ਨੇ ਇਹ ਐਲਾਨ ਕੀਤਾ ਜਿਸ ਨਾਲ ਯਹੂਦੀਆਂ ਨੂੰ ਵਾਪਸ ਜਾਣ ਦੀ ਇਜਾਜ਼ਤ ਮਿਲ ਗਈ ਪਰ ਉਸ ਤੋਂ ਕਰਵਾਇਆ ਖ਼ੁਦਾ ਨੇ। ਵਚਨ ਵਿਚ ਇਹ ਸਾਫ਼ ਕੀਤਾ ਗਿਆ ਹੈ: ''ਫ਼ਾਰਸ ਦੇ ਪਾਤਸ਼ਾਹ ਕੋਰਸ ਦੇ ਪਹਿਲੇ ਵਰਹੇ ਵਿੱਚ ਯਹੋਵਾਹ ਨੇ ਫ਼ਾਰਸ ਦੇ ਪਾਤਸ਼ਾਹ ਕੋਰਸ ਦਾ ਮਨ ਪਰੇਰਿਆ ਭਈ ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਬਚਨ ਪੂਰਾ ਹੋਵੇ ਅਤੇ ਉਹ ਨੇ ਆਪਣੇ ਸਾਰੇ ਰਾਜ ਵਿੱਚ ਇਹ ਡੌਂਡੀ ਪਿਟਵਾਈ'' (1:1)। ਕੋਰਸ ਦੇ ਆਪਣੀ ਹਕੂਮਤ ਸ਼ੁਰੂ ਕਰਨ ਤੋਂ ਤਕਰੀਬਨ ਦੋ ਕੁ ਸੌ ਸਾਲ ਪਹਿਲਾਂ ਇਸ ਹਾਕਮ ਦਾ ਨਾਂਅ ਲੈਂਦੇ ਹੋਏ ਯਸਾਯਾਹ ਨੇ ਭਵਿੱਖਬਾਣੀ ਕੀਤੀ ਸੀ ਕਿ ਖ਼ੁਦਾ ਆਪਣੇ ਲੋਕਾਂ ਨੂੰ ਘਰ ਲਿਆਉਣ ਵਾਸਤੇ ਕੋਰਸ ਨੂੰ ਵਰਤੇਗਾ (ਯਸਾਯਾਹ 44:28–45:5)। ਇਲਹਾਮ ਦੇ ਰਾਹੀਂ ਯਿਰਮਿਯਾਹ ਨੇ ਭਵਿੱਖਬਾਣੀ ਕੀਤੀ ਕਿ ਅਸੀਰੀ ਵਿਚ ਸੱਤਰ ਸਾਲ ਕੱਟਣ ਤੋਂ ਬਾਅਦ ਯਹੂਦੀਆਂ ਨੂੰ ਆਪਣੇ ਦੇਸ਼ ਵਿਚ ਵਾਪਸ ਜਾਣ ਦੀ ਇਜਾਜ਼ਤ ਮਿਲੇਗੀ (ਯਿਰਮਿਯਾਹ 25:11; 29:4–10)। ਖ਼ੁਦਾ ਨੇ ਕੋਰਸ ਦੇ ਰਾਹੀਂ ਇਨ੍ਹਾਂ ਭਵਿੱਖਬਾਣੀਆਂ ਨੂੰ ਪੂਰਿਆਂ ਕੀਤਾ।

ਖ਼ੁਦਾ ਨੇ ਆਪਣੇ ਮਕਸਦਾਂ ਲਈ ਕੋਰਸ ਨੂੰ ਇਸਤੇਮਾਲ ਕੀਤਾ। ਭਲਾ ਕੋਰਸ ਨੂੰ ਇਹ ਪਤਾ ਸੀ ਕਿ ਉਹ ਨੂੰ ਖ਼ੁਦਾ ਵੱਲੋਂ ਇਸਤੇਮਾਲ ਕੀਤਾ ਜਾ ਰਿਹਾ ਹੈ? ਸ਼ਾਇਦ ਨਹੀਂ। ਭਾਵੇਂ ਕੋਰਸ ਨੇ ਖ਼ੁਦਾ ਦੇ ਨਿੱਜੀ ਨਾਮ (''ਪਰਮੇਸ਼ੁਰ'' ਅਤੇ ''ਯਾਹਵੇਹ''; 1:2) ਦਾ ਇਸਤੇਮਾਲ ਕੀਤਾ ਜਦ ਉਸਨੇ ਆਖਿਆ ਕਿ ਯਹੋਵਾਹ ਨੇ ਉਸ ਨੂੰ ਸਫ਼ਲਤਾ ਦਿੱਤੀ ਸੀ, ਤਾਂ ਉਹ ਇਸਰਾਏਲ ਦੇ ਖ਼ੁਦਾ ਦੀ ਗੱਲ ਇਵੇਂ ਕਰਕੇ ਜਿਵੇਂ ਕਿ ਸਿਰਫ਼ ਉਹੀ ਖ਼ੁਦਾ ਹੈ ਆਪਣੇ ਸਮੇਂ ਦੀਆਂ ਰਸਮਾਂ ਨੂੰ ਨਿਭਾ ਰਿਹਾ ਸੀ।

ਬਹੁਤ ਸਾਰੇ ਦੇਵਤਿਆਂ ਵਿਚ ਯਕੀਨ ਰੱਖਣ ਵਾਲਿਆਂ ਲਈ, ਜਿਵੇਂ ਕਿ ਕੋਰਸ ਵੀ ਰੱਖਦਾ ਸੀ, ਸ਼ਰਧਾ ਅਤੇ ਨਿਮਰਤਾ ਵਿਖਾਉਂਦਿਆਂ ਇਹ ਜ਼ਰੂਰੀ ਸੀ ਕਿ ਕਿਸੇ ਵੀ ਦੇਵਤੇ ਲਈ ਇਵੇਂ ਬੋਲਿਆ ਜਾਵੇ ਜਿਵੇਂ ਉਹੀ ਰੱਬ ਹੈ। ਸੋ ਯਹੂਦੀਆਂ ਨੂੰ ਮੁਖ਼ਾਤਬ ਹੋਣ ਵੇਲੇ ਕੋਰਸ ਯਹੂਦੀਆਂ ਨੂੰ ਸਹੀ ਬੋਲ ਰਿਹਾ ਸੀ ਜਿਵੇਂ ਕਿ ਉਹੀ ਖ਼ੁਦਾ ਹੋਵੇ ਜਿਸ ਨੇ ਉਸ ਨੂੰ ਹੋਰਨਾਂ ਦੇਸ਼ਾਂ ਉੱਤੇ ਫ਼ਤਹਿ ਦੁਆਈ ਹੋਵੇ।

ਪਰ ਕਹਾਣੀ ਵਿਚਲੀ ਗੱਲ ਇਹ ਹੈ ਕਿ ਭਾਵੇਂ ਕੋਰਸ ਨੂੰ ਅਸਲ ਵਿਚ ਯਹੋਵਾਹ ਦਾ ''ਪਤਾ'' ਨਹੀਂ ਸੀ (ਵੇਖੋ ਯਸਾਯਾਹ 45:5), ਪਰ ਖ਼ੁਦਾ ਨੇ ਉਸ ਨੂੰ ਸ਼ਕਤੀ ਦਿੱਤੀ ਤਾਂ ਜੋ ਯਹੂਦੀਆਂ ਨੂੰ ਬਦਲੇ ਵਿਚ ਵਾਪਸ ਜਾਣ ਦੇ ਸਕੇ। ਖ਼ੁਦਾ ਨੇ ਆਪਣੇ ਹੀ ਮਕਸਦਾਂ ਲਈ ਇਸ ਗੈਰ–ਕੌਮ ਹਾਕਮ ਨੂੰ ਇਸਤੇਮਾਲ ਕੀਤਾ ਕਿਉਂ ਜੋ ਧਰਤੀ ਦੇ ਸਭ ਹਾਕਮਾਂ ਉੱਤੇ ਖ਼ੁਦਾ ਦੀ ਸ਼ਕਤੀ ਹੈ ਸੀ, ਅਤੇ ਹੈ!

ਅੱਜ ਮਸੀਹੀ ਲੋਕ ਇਸ ਗੱਲ ਦਾ ਪਤਾ ਹੋਣ ਤੇ ਸਕੂਨ ਕਰ ਸਕਦੇ ਹਨ ਕਿ ਭਾਵੇਂ ਇਹ ਲਗਦਾ ਹੋਵੇ ਕਿ ਧਰਤੀ ਉੱਤੇ ਹਕੂਮਤ ਦੁਸ਼ਟ ਲੋਕਾਂ ਦੀ ਹੈ, ਪਰ ਖ਼ੁਦਾ ਹਾਕਮਾਂ ਉੱਤੇ ਹਕੂਮਤ ਕਰਦਾ ਹੈ ਅਤੇ ਉਨ੍ਹਾਂ ਨੂੰ ਸਿਰਫ਼ ਇਸ ਕਰਕੇ ਹਕੂਮਤ ਕਰਨ ਦਿੰਦਾ ਹੈ ਕਿਉਂ ਜੋ ਇਸ ਨਾਲ ਉਸ ਦੇ ਆਪਣੇ ਮਕਸਦ ਪੂਰੇ ਹੁੰਦੇ ਹਨ। ਅਖ਼ੀਰ ਵਿਚ ਸਰਵਉੱਚ ਸ਼ਕਤੀ ਦਾ ਮਾਲਕ ਖ਼ੁਦਾ ਹੀ ਹੈ, ਅਤੇ ਫ਼ਤਹਿ ਓਸੇ ਦੀ ਹੋਵੇ।

*ਖ਼ੁਦਾ ਆਪਣੇ ਵਾਅਦੇ ਨਿਭਾਉਂਦਾ ਹੈ।* ਵਚਨ ਦੱਸਦਾ ਹੈ ਕਿ ਕੋਰਸ ਨੇ ਯਹੂਦੀਆਂ ਨੂੰ ਵਾਪਸ ਜਾਣ ਦਿੱਤਾ ''ਭਈ ਯਿਰਮਿਯਾਹ ਦੇ ਮੂੰਹੋਂ ਉੱਚਰਿਆ ਯਹੋਵਾਹ ਦਾ ਵਚਨ ਪੂਰਾ ਹੋਵੇ'' (1:1; ਵੇਖੋ ਯਿਰਮਿਯਾਹ 29:10)। ਖ਼ੁਦਾ ਨੇ ਲੋਕਾਂ ਨੂੰ ਸੱਤਰ ਸਾਲਾਂ ਵਿਚ ਅਸੀਰੀ ਤੋਂ ਮੋੜ ਲਿਆਉਣ ਦਾ ਵਾਅਦਾ ਪੂਰਾ ਕੀਤਾ ਸੀ ਅਤੇ ਉਸ ਨੇ ਆਪਣਾ ਵਾਅਦਾ ਨਿਭਾਇਆ।

ਬੇਸ਼ੱਕ ਇਹ ਖ਼ੁਦਾ ਦੀ ਪੱਕੀ ਖੂਬੀ ਹੈ। ''ਯਹੋਵਾਹ ਦਾ ਬਚਨ ਤਾਇਆ ਹੋਇਆ ਹੈ'' (2 ਸਮੂਏਲ 22:31; NRSV; ਵੇਖੋ 2 ਪਤਰਸ 3:9)। ਖ਼ੁਦਾ ਨੇ ਅਬਰਾਹਾਮ ਨਾਲ ਆਪਣਾ

ਵਾਅਦਾ ਨਿਭਾਇਆ, ਭਾਵੇਂ ਪੰਝੀ ਸਾਲ ਲੰਘ ਗਏ ਸਨ ਅਤੇ ਵਾਅਦੇ ਦੇ ਪੁੱਤਰ ਇਸਹਾਕ ਦੇ ਜਨਮ ਵਿਚਕਾਰ ਪੰਝੀ ਸਾਲਾਂ ਦਾ ਵਕਫ਼ਾ ਲੰਘ ਗਿਆ ਸੀ। ਖ਼ੁਦਾ ਨੇ ਇਸਰਾਏਲੀਆਂ ਦੇ ਪਾਪਾਂ ਦੇ ਬਾਵਜੂਦ ਇਸਰਾਏਲੀਆਂ ਨੂੰ ਕਨਾਨ ਵਿਚ ਲਿਆਉਣ ਦਾ ਆਪਣਾ ਵਾਅਦਾ ਨਿਭਾਇਆ। ਇਸੇ ਤਰ੍ਹਾਂ ਨਾਲ ਅਸੀਂ ਪੱਕਾ ਜਾਣ ਸਕਦੇ ਹਾਂ ਕਿ ਖ਼ੁਦਾ ਹੁਣ ਅਤੇ ਭਵਿੱਖ ਵਿਚ ਆਪਣੇ ਵਾਅਦਿਆਂ ਨੂੰ ਨਿਭਾਵੇਗਾ। ਉਹ ਉਨ੍ਹਾਂ ਨੂੰ ਜਿਹੜੇ ਇੰਜੀਲ ਦੀ ਗੱਲ ਮੰਨਦੇ ਹਨ ਬਚਾਵੇਗਾ (ਕਰਤੱਬ 2:38; 2 ਥੱਸਲੁਨੀਕੀਆਂ 1:6–10)। ਉਹ ਉਨ੍ਹਾਂ ਨੂੰ ਜਿਹੜੇ ਉਸ ਦੇ ਵਫ਼ਾਦਾਰ ਰਹਿੰਦੇ ਹਨ ਸੁਰਗ ਵਿਚ ਲਿਜਾਵੇਗਾ (ਪਰਕਾਸ਼ 2:10)।

*ਖ਼ੁਦਾ ਆਪਣੇ ਮਕਸਦ ਪੂਰੇ ਕਰਦਾ ਹੈ।* ਕੋਰਸ ਅਤੇ ਯਹੂਦੀਆਂ ਦੇ ਮਾਮਲੇ ਵਿਚ ਖ਼ੁਦਾ ਦੇ ਮਕਸਦ ਲਈ ਜ਼ਰੂਰੀ ਸੀ ਕਿ ਯਹੂਦੀ ਆਪਣੇ ਦੇਸ਼ ਵਾਪਸ ਜਾਣ। ਇਹ ਉਸ ਧਰਤੀ ਜਿਹੜੀ ਖ਼ੁਦਾ ਨੇ ਇਸਰਾਏਲੀਆਂ ਨੂੰ ਦਿੱਤੀ ਸੀ ਅਤੇ ਮਸੀਹਾ ਨੂੰ ਜਗਤ ਵਿਚ ਲਿਆਉਣ ਦੇ ਵਾਅਦੇ ਵਿਚਕਾਰ ਸਬੰਧ ਉੱਤੇ ਜ਼ੋਰ ਦਿੰਦਾ ਹੈ।[13] ਜਦ ਮਸੀਹਾ ਆ ਗਿਆ ਤਾਂ ਉਹ ਮਕਸਦ ਪੂਰਾ ਹੋ ਗਿਆ ਇਸ ਕਰਕੇ ਨਵੇਂ ਨੇਮ ਦੇ ਸਮਿਆਂ ਤੋਂ ਲੈ ਕੇ ਇਸਰਾਏਲੀਆਂ ਦਾ ‘‘ਪਵਿੱਤਰ ਧਰਤੀ’’ ਉੱਤੇ ਖ਼ੁਦਾ ਵੱਲੋਂ ਦਿੱਤਾ ਗਿਆ ਕੋਈ ਖ਼ਾਸ ਹੱਕ ਨਹੀਂ ਰਿਹਾ।

*ਖ਼ੁਦਾ ਸੰਸਾਰ ਵਿਚ ਆਪਣੇ ਰੱਬੀ ਇੰਤਜ਼ਾਮ ਦੇ ਰਾਹੀਂ ਕੰਮ ਕਰਦਾ ਹੈ।* ਬਾਈਬਲ ਦੇ ਸਮਿਆਂ ਵਿਚ ਖ਼ੁਦਾ ਨੇ ਕਈ ਵਾਰ ਸੰਸਾਰ ਵਿਚ ਚਮਤਕਾਰਾਂ ਦੇ ਰਾਹੀਂ ਕੰਮ ਕੀਤਾ। ਚਮਤਕਾਰ ਜਾਂ ਮੋਅਜਜ਼ੇ ਸਚਮੁਚ ਹੁੰਦੇ ਹਨ। ਉਹ ਇਤਹਾਸਕ ਸਨ ਭਾਵ ਉਹ ਕਿਸੇ ਥਾਂ ਜਾਂ ਖ਼ਾਸ ਸਮਿਆਂ ਵਿਚ ਕਈ ਵਾਰ ਹੋਏ ਹਨ। ਪਰ ਫਿਰ ਵੀ ਖ਼ੁਦਾ ਕਈ ਵਾਰ ਗੈਰ ਚਮਤਕਾਰੀ ਤਰੀਕੇ ਨਾਲ ਜਾਂ ਰੱਬੀ ਇੰਤਜ਼ਾਮ ਕਰਨ ਦੇ ਰਾਹੀਂ ਕੰਮ ਕਰਦਾ ਸੀ। ਯੂਸੁਫ਼ ਦੇ ਅਨੁਭਵਾਂ ਵਿਚ ਆਪਣੇ ਮਕਸਦਾਂ ਨੂੰ ਪੂਰਾ ਕਰਨ ਲਈ ਖ਼ੁਦਾ ਦੇ ਕੰਮ ਕਰਨ ਦੇ ਚਮਤਕਾਰੀ ਅਤੇ ਗੈਰ ਚਮਤਕਾਰੀ ਜਾਂ ਰੱਬੀ ਇੰਤਜ਼ਾਮ ਕਰਨ ਦੇ ਰਾਹੀਂ ਕੰਮ ਕਰਨ ਦੀਆਂ ਉਦਾਹਰਣਾਂ ਮਿਲਦੀਆਂ ਹਨ।[14]

ਭਲਾ ਕੋਰਸ ਦੇ ਸਮੇਂ ਵਿਚ ਉਸ ਦੇ ਯੁੱਗ ਦੇ ਨਿਰੀਖਕਾਂ ਨੂੰ ਪਤਾ ਲੱਗਾ ਹੋਵੇਗਾ ਕਿ ਉਸ ਨੂੰ ਗੱਦੀ ਉੱਤੇ ਬਿਠਾਉਣ ਦਾ ਕੰਮ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਰਾਹੀਂ ਪੂਰਾ ਹੋਇਆ ਸੀ? ਜੋ ਵੀ ਹੋਵੇ ਪਰ ਇਹ ਹੋਇਆ। ਖ਼ੁਦਾ ਨੇ ਕੋਰਸ ਨੂੰ ਆਪਣੇ ਲੋਕਾਂ ਨੂੰ ਘਰ ਘੱਲਣ ਵਾਸਤੇ ਖੜ੍ਹਾ ਕੀਤਾ (ਯਸਾਯਾਹ 44:28–45:5)। ਇਹ ਉਸ ਨੇ ਚਮਤਕਾਰ ਦੇ ਰਾਹੀਂ ਨਹੀਂ ਕੀਤਾ ਪਰ ਇਹਦੇ ਰਾਹੀਂ ਰੱਬੀ ਇੰਤਜ਼ਾਮ ਕੀਤਾ।

ਖ਼ੁਦਾ ਅੱਜ ਚਮਤਕਾਰਾਂ ਦੇ ਰਾਹੀਂ ਕੰਮ ਨਹੀਂ ਕਰਦਾ (1 ਕੁਰਿੰਥੀਆਂ 13:8–13), ਪਰ ਉਹ ਅੱਜ ਵੀ ਰੱਬੀ ਇੰਤਜ਼ਾਮ ਕਰਨ ਦੇ ਰਾਹੀਂ ਕੰਮ ਕਰਦਾ ਹੈ। ਇਸ ਵਿਚਾਰ ਲਈ ਨਵੇਂ ਨੇਮ ਦੀ ਸਭ ਤੋਂ ਵਧੀਆ ਗੱਲ ਰੋਮੀਆਂ 8:28 ਵਿਚ ਮਿਲਦੀ ਹੈ: ‘‘ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਅਰਥਾਤ ਉਨ੍ਹਾਂ ਦਾ ਜਿਹੜੇ ਪਰਮੇਸ਼ੁਰ ਦੀ ਮੰਸ਼ਾ ਦੇ ਅਨੁਸਾਰ ਸੱਦੇ ਹੋਏ ਹਨ।’’ ਇਸ ਭਰੋਸੇ ਨਾਲ, ਮਸੀਹੀ ਲੋਕ ਯਕੀਨ ਕਰ ਸਕਦੇ ਹਨ ਕਿ ਖ਼ੁਦਾ ਆਪਣੇ ਮਕਸਦਾਂ ਨੂੰ ਪੂਰਿਆਂ ਕਰਨ ਲਈ ਇਸ ਸੰਸਾਰ ਵਿਚ ਲੋਕਾਂ ਅਤੇ ਘਟਨਾਵਾਂ ਦੇ ਰਾਹੀਂ ਕੰਮ ਕਰਦਾ ਹੈ। ਉਹ ਪਾਪ ਭਰੇ ਕੰਮਾਂ, ਭੈੜੇ ਲੋਕਾਂ, ਕੁਦਰਤੀ ਘਟਨਾਵਾਂ ਅਤੇ ਸਾਫ਼ ਤੌਰ ਤੇ ਖ਼ਤਰਨਾਕ ‘‘ਮੌਕਿਆਂ’’ ਦੇ ਨਾਲ ਨਾਲ ਆਪਣੇ ਲੋਕਾਂ ਵੱਲੋਂ ਕੀਤੇ ਗਏ ਚੰਗੇ ਕੰਮਾਂ ਦੇ ਰਾਹੀਂ ਕੰਮ ਕਰਦਾ ਹੈ। ਇਸ ਕਰਕੇ ਮਸੀਹੀ ਲੋਕ ਇਹ ਨਹੀਂ ਮੰਨਦੇ ਕਿ ਉਹ ਬੇਕਾਰ ਸੰਸਾਰ ਵਿਚ ਰਹਿੰਦੇ ਹਨ। ਬਲਕਿ ਖ਼ੁਦਾ ਜ਼ਿੰਦਗੀ ਨੂੰ ਅਰਥ ਦੇ ਸਕਦਾ ਹੈ ਅਤੇ ਦਿੰਦਾ ਹੈ ਅਤੇ ਦਵੇਗਾ।

*ਸਾਰ।* ਅਜ਼ਰਾ 1 ਸਾਨੂੰ ਖ਼ੁਦਾ ਬਾਰੇ ਕਈ ਅਹਿਮ ਸਚਿਆਈਆਂ ਦੱਸਦਾ ਹੈ ਕਿ ਉਸ ਕੋਲ ਸੰਸਾਰ ਦੇ ਰਾਜਿਆਂ ਉੱਤੇ ਸ਼ਕਤੀ ਹੈ, ਉਹ ਆਪਣੇ ਵਾਅਦੇ ਨਿਭਾਉਂਦਾ ਹੈ, ਉਹ ਆਪਣੇ ਮਕਸਦ ਪੂਰੇ ਕਰਦਾ ਹੈ, ਅਤੇ ਉਹ ਰੱਬੀ ਇੰਤਜ਼ਾਮ ਕਰਨ ਦੇ ਰਾਹੀਂ ਕੰਮ ਕਰਦਾ ਹੈ। ਇਨ੍ਹਾਂ ਸਚਿਆਈਆਂ

ਨੂੰ ਜਾਣਦੇ ਹੋਏ ਮਸੀਹੀ ਲੋਕ ਰਾਤ ਨੂੰ ਚੈਨ ਨਾਲ ਸੌਂ ਸਕਦੇ ਸਨ, ਉਦੋਂ ਵੀ ਜਦੋਂ ਇਹ ਲੱਗੇ ਕਿ ਬੁਰਿਆਈ ਹਰ ਹਾਲ ਵਿਚ ਜਿੱਤ ਰਹੀ ਹੈ, ਉਦੋਂ ਵੀ ਜਦੋਂ ਦਿਨ ਬੁਰੇ ਹੋਣ। ਉਹ ਜਾਣਦੇ ਹਨ ਕਿ ਹਨੇਰੀ ਘੜੀ ਦੇ ਪਿੱਛੇ ਸਰਵਸ਼ਕਤੀਮਾਨ ਪਰਮੇਸ਼ੁਰ ਖੜਾ ਹੈ ਜਿਹੜਾ ਅਖ਼ੀਰ ਵਿਚ ਬੁਰਿਆਈ ਉੱਤੇ ਫ਼ਤਹਿ ਪਾ ਕੇ, ਜਿੱਤ ਹਾਸਲ ਕਰੇਗਾ ਅਤੇ ਆਪਣੇ ਲੋਕਾਂ ਨੂੰ ਘਰ ਲੈ ਆਵੇਗਾ, ਬਿਲਕੁਲ ਉਵੇਂ ਜਿਵੇਂ ਉਸ ਨੇ ਅਜ਼ਰਾ ਦੇ ਸਮੇਂ ਕੀਤਾ ਸੀ!

**ਛੋਟੀਆਂ ਛੋਟੀਆਂ ਗੱਲਾਂ !** (1: 5-11)

ਸਾਡੇ ਵਿੱਚੋਂ ਬਹੁਤਿਆਂ ਨੂੰ ਆਪਣੇ ਆਪ ਨੂੰ ਅਜਿਹੇ ਲੋਕਾਂ ਦੇ ਰੂਪ ਵਿਚ ਸੋਚਣਾ ਪਸੰਦ ਹੈ ਜਿਹੜੇ ''ਵੱਡੀ ਤਸਵੀਰ'' ਨੂੰ ਵੇਖਦੇ ਹਨ ਅਤੇ ਛੋਟੀਆਂ ਛੋਟੀਆਂ ਗੱਲਾਂ ਦੀ ਪਰਵਾਹ ਨਹੀਂ ਕਰਦੇ। ਹੋ ਸਕਦਾ ਹੈ ਕਿ ਅਸੀਂ ਆਪਣੇ ਆਪ ਨੂੰ ਵੱਡੇ ਸੋਚਦੇ ਹੋਈਏ ਕਿਉਂ ਜੋ ਸਾਡੇ ਵਿਚਾਰ ਵੱਡੇ ਹਨ, ਸਾਡੇ ਦਰਸ਼ਣ ਵੱਡੇ ਹਨ; ਅਤੇ ਅਸੀਂ ਉਨ੍ਹਾਂ ਨੂੰ ਜਿਹੜੇ ਛੋਟੇ-ਛੋਟੇ ਕੰਮ ਕਰਦੇ ਹਨ, ਜਿਹੜੇ ਛੋਟੀਆਂ ਛੋਟੀਆਂ ਗੱਲਾਂ ਲਿਖਦੇ ਹਨ, ਜਿਹੜੇ ਆਮ ਲੋਕਾਂ ਨਾਲ ਕੰਮ ਕਰਦੇ ਹਨ ਆਪਣੇ ਨਾਲੋਂ ਘਟੀਆ ਸਮਝਦੇ ਹਨ।

ਅਜ਼ਰਾ, ਨਹਮਯਾਹ ਅਤੇ ਇਤਹਾਸ ਦੀਆਂ ਕਿਤਾਬਾਂ ਤੋਂ ਇਹ ਪਤਾ ਲਗਦਾ ਹੈ ਕਿ ਖ਼ੁਦਾ ਛੋਟੀਆਂ ਛੋਟੀਆਂ ਗੱਲਾਂ ਤੇ ਗੌਰ ਕਰਦਾ ਹੈ! ਉਸ ਨੇ ਇਨ੍ਹਾਂ ਕਿਤਾਬਾਂ ਵਿਚ ਲਿਖੇ ਜਾਣ ਲਈ ਹਜ਼ਾਰਾਂ ਛੋਟੀਆਂ ਛੋਟੀਆਂ ਗੱਲਾਂ ਕਰਵਾਈਆਂ। ਸ਼ਾਇਦ ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ''ਵੱਡੀ ਤਸਵੀਰ'' ਵਿਚ ਹਜ਼ਾਰਾਂ ਛੋਟੀਆਂ ਛੋਟੀਆਂ ਗੱਲਾਂ ਹੁੰਦੀਆਂ ਹਨ; ਅਤੇ ਜੇ ਉਹ ਛੋਟੀਆਂ ਛੋਟੀਆਂ ਚੀਜ਼ਾਂ ਨਾ ਹੋਣ ਤਾਂ ਤਸਵੀਰ ਸਹੀ ਨਹੀਂ ਬਣੇਗੀ। ਜੇ ਕਿਸੇ ਯੋਜਨਾ ਦੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਧਿਆਨ ਨਾਲ ਵਿਚਾਰ ਕਰਕੇ ਉਨ੍ਹਾਂ ਉੱਤੇ ਅਮਲ ਨਾ ਲਿਆਇਆ ਜਾਵੇ ਤਾਂ ਯੋਜਨਾ ਭਾਵੇਂ ਕਿੰਨੀ ਵੀ ਵੱਡੀ ਜਾਂ ਸੁਪਨਮਈ ਕਿਉਂ ਨਾ ਲੱਗਦੀ ਹੋਵੇ, ਉਹ ਸਫ਼ਲ ਨਹੀਂ ਹੋਵੇਗੀ! ਸਾਨੂੰ ਉਸ ਯੋਜਨਾ ਦੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਧਿਆਨ ਦੇਣਾ ਸਿੱਖਣਾ ਚਾਹੀਦਾ ਹੈ ਜਿਸ ਨੂੰ ਅਸੀਂ ਅਮਲ ਵਿਚ ਲਿਆਉਣ ਲਈ ਸੋਚਦੇ ਹਾਂ।

ਨਾਲੇ ਖ਼ੁਦਾ ਨੇ ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਲਿਖਣ ਲਈ ਆਪਣੇ ਨੁਮਾਇੰਦਿਆਂ ਨੂੰ ਵਰਤਿਆ, ਇਸ ਕਰਕੇ ਸਾਨੂੰ ਉਨ੍ਹਾਂ ਨੂੰ ਜਿਹੜੇ ਅੱਜ ਇਹੋ ਜਿਹੇ ਛੋਟੇ-ਛੋਟੇ ਕੰਮ ਕਰਦੇ ਹਨ ਹਕਾਰਤ ਨਾਲ ਨਹੀਂ ਵੇਖਣਾ ਚਾਹੀਦਾ। ਭਾਵ ਜਿਹੜੇ ਖਾਤਾ ਵਹੀ ਦਾ ਕੰਮ ਕਰਦੇ ਹਨ, ਗਿਣਤੀ ਕਰਦੇ ਹਨ, ਲੇਖਾ ਜੋਖਾ ਰੱਖਦੇ ਹਨ, ਚਿੱਠੀ ਪੱਤਰ ਕਰਦੇ ਹਨ। ਖ਼ੁਦਾ ਦੀ ਕਲੀਸੀਆ ਨੂੰ ਅਜਿਹੇ ਲੋਕਾਂ ਦੀ ਲੋੜ ਹੈ ਜਿਨ੍ਹਾਂ ਨੂੰ ਵੱਡੇ ਦਰਸ਼ਣ ਵੇਖਣ ਦਾ ਦਾਨ ਮਿਲਿਆ ਹੋਵੇ ਕਿ ਕੀ ਕੀਤਾ ਜਾ ਸਕਦਾ ਹੈ, ਪਰ ਨਾਲ ਹੀ ਇਸ ਨੂੰ ਉਨ੍ਹਾਂ ਲੋਕਾਂ ਦੀ ਵੀ ਲੋੜ ਹੈ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਕੰਮ ਕਰਨ ਦਾ ਦਾਨ ਮਿਲਿਆ ਹੈ।

---

ਟਿੱਪਣੀਆਂ

[1]ਵਿਲੀਅਮ ਕੌਪਰ, ''ਗੌਡ ਮੂਵਜ਼ ਇਨ ਏ ਮਿਸਟੀਰੀਅਸ ਵੇਅ,'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1977)। [2]ਵਾਪਸੀ ਲਈ ਦਿੱਤੀ ਗਈ ਇਕ ਬਦਲਵੀਂ ਤਰੀਕ 536 ਈ.ਪੂ. ਹੈ, ਜਿਹੜੀ 606 ਜਾਂ 605 ਈ.ਪੂ. ਵਿਚ ਯਹੂਦੀਆਂ ਦੇ ਪਹਿਲੇ ਦੇਸ਼ ਨਿਕਾਲੇ ਤੋਂ ਠੀਕ ਸੱਤਰ ਸਾਲਾਂ ਬਾਅਦ ਹੋਵੇਗੀ (ਦੇਖੋ ਬਿਵਸਥਾ ਸਾਰ 1: 1, 2)। [3]''ਯਹੋਵਾਹ ਨੇ ... ਦੇ ਆਤਮਾ ਨੂੰ ਪ੍ਰੇਰਿਆ'' ਵਾਕ ਅੰਸ਼ ਜ਼ਰੁੱਬਾਬਲ, ਯਹੋਸ਼ੁਆ ਅਤੇ ਬਕੀਏ ਦੇ ਸਬੰਧ ਵਿਚ ਵੀ ਮਿਲਦਾ ਹੈ (ਹੱਜਈ 1: 14)। ਅਜਿਹੀ ਹੀ ਗੱਲ ''ਅਸ਼ੂੱਰ ਦੇ ਰਾਜਾ'' ਦੇ ਸਬੰਧ ਵਿਚ

ਮਿਲਦੀ ਹੈ (1 ਇਤਹਾਸ 5:26)। ਇੱਥੇ ਵਰਤਮਾਨ ਸੰਦਰਭ ਵਿਚ ਖ਼ੁਦਾ ਦੇ ਯਰੂਸ਼ਲਮ ਨੂੰ ਵਾਪਸ ਆਉਣ ਵਾਲਿਆਂ ਦੇ ਮਨ ਨੂੰ ਪ੍ਰੇਰਣਾ ਦੇਣ ਦੀ ਵੀ ਗੱਲ ਮਿਲਦੀ ਹੈ (1:5)। [4]ਨੌਂ ਇੰਚੀ ਮਿੱਟੀ ਦਾ ਸਲੰਡਰ ਲੰਦਨ ਦੇ ਬ੍ਰਿਟਿਸ਼ ਅਜਾਇਬ ਘਰ ਵਿਚ ਰੱਖਿਆ ਗਿਆ ਹੈ। [5]*ਐਨਸਿਅੰਟ ਨੀਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ*, ਜਿਲਦ 3ਜੀ, ਸੰਪਾ. ਜੇਮਸ ਬੀ. ਪ੍ਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 316 ਵਿਚ ਏ ਲਿਓ ਓਪਨਹੇਮ, ਟ੍ਰਾਂਸਲੇਸ਼ਨ, ''ਸਾਇਰਸ *[ਸਿਲੰਡਰ]*।'' [6]ਰੁਬਨ ਰੈਜ਼ਲੈਫ਼ ਐਂਡ ਪੌਲ ਟੀ. ਬਟਲਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ, 1979), 12. [7]ਉਦਾਹਰਣ ਵਜੋਂ, ਪਰਮੇਸ਼ੁਰ ਨੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਫ਼ਿਰਊਨ ਦਾ ਮਨ ਸਖ਼ਤ ਕਰ ਦਿੱਤਾ (ਕੂਚ 7:3–5; 9:12–16; 10:1, 2) ਅਤੇ ਉਸ ਨੇ ਅੱਸ਼ੂਰ ਨੂੰ ''*[ਆਪਣੇ]* ਕ੍ਰੋਧ ਦੀ ਲਾਠੀ'' ਦੇ ਰੂਪ ਵਿਚ ਇਸਤੇਮਾਲ ਕੀਤਾ (ਯਸਾਯਾਹ 10:5)। [8]ਜੋਸੇਫ਼ਸ *ਐਂਟਿਕੁਇਟੀਜ਼* 11.1.1–2. [9]ਡੇਰੇਕ ਕਿਡਨਰ, *ਅਜ਼ਰਾ, ਨਹਮਯਾਹ ਐਂਡ ਅਸਤਰ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 34. [10]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੈਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ, 1988), 4:475.

[11]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਅੰਕ. 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 604 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [12]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 46. [13]ਮੀਕਾਹ ਨੇ ਪਹਿਲਾਂ ਹੀ ਭਵਿੱਖਵਾਣੀ ਕੀਤੀ ਸੀ ਕਿ ਮਸੀਹਾ ਬੈਤਲਹਮ ਤੋਂ ਆਵੇਗਾ (ਮੀਕਾਹ 5:2; ਵੇਖੋ ਮੱਤੀ 2:6)। [14]ਖ਼ੁਦਾ ਨੇ ਯੂਸੁਫ਼ ਨੂੰ ਸੁਪਨਿਆਂ ਦਾ ਅਰਥ ਦੱਸਣ ਦੀ ਯੋਗਤਾ ਦੇ ਕੇ, ਸੁਪਨਿਆਂ ਦੇ ਰਾਹੀਂ ਚਮਤਕਾਰੀ ਢੰਗ ਨਾਲ ਉਸ ਨੂੰ ਭਵਿੱਖ ਵਿਚ ਹੋਣ ਵਾਲੀਆਂ ਗੱਲਾਂ ਵਿਖਾ ਦਿੱਤੀਆਂ। ਇਸ ਦੇ ਉਲਟ ਯੂਸੁਫ਼ ਦਾ ਆਪਣੇ ਭਰਾਵਾਂ ਹੱਥੋਂ ਗੁਲਾਮੀ ਵਿਚ ਵੇਚਿਆ ਜਾਣਾ ਅਤੇ ਬਾਅਦ ਵਿਚ ਮਿਸਰ ਵਿਚ ਉਸ ਦਾ ਵੱਡੇ ਰੁਤਬੇ ਉੱਤੇ ਪਹੁੰਚਣਾ ਖ਼ੁਦਾ ਦੇ ਰੱਬੀ ਇੰਤਜ਼ਾਮ ਦੇ ਕੰਮ ਕਰਨ ਦੀ ਮਿਸਾਲ ਹੈ (ਉਤਪਤ 45:4–8; 50:15–21)।